# ਭੁਗਤਾਨ ਅਤੇ ਨਿਪਟਾਰਾ ਪ੍ਰਣਾਲੀਆਂ

ਕਿਸੇ ਵੀ ਦੇਸ਼ ਵਿੱਚ ਰਾਸ਼ਟਰੀ ਪੇਮੈਂਟ ਪ੍ਰਣਾਲੀ ਦਾ ਵਿਕਾਸ ਕਰਨ ਲਈ ਉਸ ਦੇਸ਼ ਦਾ ਕੇਂਦਰੀ ਬੈਂਕ ਚਾਲਕ ਸ਼ਕਤੀ ਦਾ ਕੰਮ ਕਰਦਾ ਹੈ। ਰਿਜ਼ਰਵ ਬੈਂਕ ਆਫ ਇੰਡੀਆ (ਆਰ.ਬੀ.ਆਈ.) ਨੇ ਭਾਰਤ ਦਾ ਕੇਂਦਰੀ ਬੈਂਕ ਹੋਣ ਦੇ ਨਾਤੇ ਵਿਕਾਸ ਦੀ ਇਹ ਭੂਮਿਕਾ ਨਿਭਾ ਰਿਹਾ ਹੈ ਅਤੇ ਇਸ ਨੇ ਇਕ ਸੁਰੱਖਿਅਤ, ਠੋਸ ਅਤੇ ਕੁਸ਼ਲ ਪੇਮੈਂਟ ਪ੍ਰਣਾਲੀ ਲਈ ਕਈ ਪ੍ਰਕਾਰ ਦੀ ਪਹਿਲ ਕੀਤੀ ਹੈ। ਇਸ ਸਬੰਧ ਵਿਚ ਵਾਰ ਵਾਰ ਪੁੱਛੇ ਜਾਣ ਵਾਲੇ ਕੁਝ ਸਵਾਲ ਐਫ.ਏ.ਕਿਊ ਦੇ ਰੂਪ ਵਿੱਚ ਹੇਠਾਂ ਪੇਸ਼ ਕੀਤੇ ਜਾ ਰਹੇ ਹਨ:-

1- ਪੇਮੈਂਟ ਪ੍ਰਣਾਲੀ ਕੀ ਹੈ ?

ਪੇਮੈਂਟ ਪ੍ਰਣਾਲੀ ਇਕ ਅਜਿਹੀ ਕਾਰਜਵਿਧੀ ਹੈ ਜੋ ਭੁਗਤਾਨ ਕਰਨ ਵਾਲੇ ਅਤੇ ਲਾਭ ਉਠਾਉਣ ਵਾਲੇ ਦਰਮਿਆਨ ਪੈਸੇ ਦੇ ਟ੍ਰਾਂਸਫਰ ਨੂੰ ਆਸਾਨ ਬਣਾਉਂਦੀ ਹੈ ਜਿਸ ਦੁਆਰਾ ਲਾਭ ਉਠਾਉਣ ਵਾਲੇ ਪ੍ਰਤੀ ਭੁਗਤਾਨ ਕਰਨ ਵਾਲਾ ਆਪਣੀ ਦੇਣਦਾਰੀ ਦੀ ਜ਼ਿੰਮੇਵਾਰੀ ਤੋਂ ਮੁਕਤ ਹੁੰਦਾ ਹੈ। ਪੇਮੈਂਟ ਪ੍ਰਣਾਲੀ ਇਕਾਨਮੀ ਵਿਚ ਮਾਲ ਅਤੇ ਸੇਵਾਵਾਂ ਬਦਲੇ ਭੁਗਤਾਨ ਦੇ ਦੁਤਰਫਾ ਬਹਾਵ ਨੂੰ ਸੰਭਵ ਬਣਾਉਂਦੀ ਹੈ।

2- ਕਿਸੇ ਪੇਮੈਂਟ ਪ੍ਰਣਾਲੀ ਦੇ ਕਿਹੜੇ ਕਿਹੜੇ ਅੰਗ ਹਨ ?

ਪੇਮੈਂਟ ਪ੍ਰਣਾਲੀਆਂ ਵਿਚ ਉਹ ਦਸਤਾਵੇਜ ਜਿਨ੍ਹਾਂ ਰਾਹੀਂ ਭੁਗਤਾਨ ਕੀਤਾ ਜਾ ਸਕਦਾ ਹੈ, ਉਹ ਨਿਯਮ ਅਤੇ ਪ੍ਰਕਿਰਿਆਵਾਂ ਜੋ ਇਨ੍ਹਾਂ ਭੁਗਤਾਨਾਂ ਬਾਰੇ ਜਾਣਕਾਰੀ ਪ੍ਰਦਾਨ ਕਰਦੇ ਹਨ, ਸ਼ਾਮਿਲ ਹੁੰਦੇ ਹਨ।

3- ਭੁਗਤਾਨ ਕਰਨ ਲਈ ਪੇਮੈਂਟ ਪ੍ਰਣਾਲੀ ਦੀ ਵਰਤੋਂ ਕੌਣ ਕੌਣ ਕਰ ਸਕਦਾ ਹੈ ?

ਪੇਮੈਂਟ ਪ੍ਰਣਾਲੀਆਂ ਦੀ ਵਰਤੋਂ ਵਿਅਕਤੀਆਂ, ਬੈਂਕਾਂ ਕੰਪਨੀਆਂ, ਸਰਕਾਰਾਂ ਆਦਿ ਦੁਆਰਾ ਇਕ ਦੂਸਰੇ ਨੂੰ ਕੋਈ ਭੁਗਤਾਨ ਕਰਨ ਲਈ ਕੀਤੀ ਜਾਂਦੀ ਹੈ। ਦੂਜੇ ਸ਼ਬਦਾਂ ਵਿੱਚ, ਜਿਸ ਕਿਸੇ ਨੇ ਵੀ ਕਿਸੇ ਦੂਸਰੇ ਨੂੰ ਕੋਈ ਭੁਗਤਾਨ ਕਰਨਾ ਹੋਵੇ ਤਾਂ ਉਹ ਅਜਿਹੇ ਭੁਗਤਾਨ ਲਈ ਪੇਮੈਂਟ ਪ੍ਰਣਾਲੀ ਦੇ ਕਿਸੇ ਵੀ ਰੂਪ ਦੀ ਵਰਤੋਂ ਕਰ ਸਕਦਾ ਹੈ।

4- ਅਜਿਹੇ ਕਿਹੜੇ ਢੰਗ ਹਨ ਜਿਨ੍ਹਾਂ ਦੁਆਰਾ ਕੋਈ ਗਾਹਕ ਬੈਂਕਾਂ ਰਾਹੀਂ ਭੁਗਤਾਨ ਕਰ ਸਕਦਾ ਹੈ ?

ਭਾਰਤ ਵਿੱਚ ਭੁਗਤਾਨ ਨਕਦੀ, ਚੈਕ, ਡਿਮਾਂਡ ਡਰਾਫ਼ਟ, ਕਰੈਡਿਟ ਕਾਰਡ, ਡੈਬਿਟ ਕਾਰਡਾਂ ਅਤੇ ਬੈਂਕਰਸ ਨੂੰ ਇਲੈਕਟ੍ਰਾਨਿਕ ਹਦਾਇਤਾਂ ਦੇ ਕੇ, ਜੋ ਗਾਹਕ ਵਲੋਂ ਅਜਿਹਾ ਭੁਗਤਾਨ ਕਰਦੇ ਹਨ ਦੁਆਰਾ ਕੀਤਾ ਜਾ ਸਕਦਾ ਹੈ। ਇਲੈਕਟ੍ਰਾਨਿਕ ਹਦਾਇਤਾਂ ਦੁਆਰਾ ਛੋਟ ਅਤੇ ਵਾਰ ਵਾਰ ਕੀਤੇ ਜਾਣ ਵਾਲੇ ਭੁਗਤਾਨ ਇਲੈਕਟ੍ਰਾਨਿਕ ਫੰਡ ਟ੍ਰਾਂਸਫਰ (ਈ.ਐਫ.ਟੀ.), ਇਲੈਕਟ੍ਰਾਨਿਕ ਕਲੀਅਰਿੰਗ ਸਰਵਿਸ (ਈ.ਸੀ.ਐਸ.) ਰਾਹੀਂ ਅਤੇ ਵੱਡੇ ਭੁਗਤਾਨ ਰੀਅਲ ਟਾਈਮ ਗ੍ਰੋਸ ਸੈਟਲਮੈਂਟ (ਆਰ.ਟੀ.ਜੀ.ਐਸ.) ਰਾਹੀਂ ਕੀਤੇ ਜਾ ਸਕਦੇ ਹਨ। ਭਾਰਤ ਵਿੱਚ ਕੁਝ ਬੈਂਕਾਂ ਨੇ ਇੰਟਰਨੈਟ ਰਾਹੀਂ ਇਲੈਕਟ੍ਰਾਨਿਕ ਆਧਾਰ ਤੇ ਤੇਜ਼ੀ ਨਾਲ ਫੰਡ ਟ੍ਰਾਂਸਫਰ ਲਈ ਕੁਝ ਬੈਂਕਿੰਗ ਸੇਵਾਵਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਹਨ।

5- ਜਦੋਂ ਕੋਈ ਦੇਣਦਾਰ ਕਿਸੇ ਲੈਣਦਾਰ ਨੂੰ ਚੈਕ ਜਾਰੀ ਕਰਦਾ ਹੈ, ਤਾਂ ਭੁਗਤਾਨ ਕਿਵੇਂ ਕੀਤਾ ਜਾਂਦਾ ਹੈ ?

ਚੈਕ ਰਾਹੀਂ ਭੁਗਤਾਨ ਦੀ ਪ੍ਰਕਿਰਿਆ ਉਦੋਂ ਆਰੰਭ ਹੋ ਜਾਂਦੀ ਹੈ ਜਦੋਂ ਕੋਈ ਦੇਣਦਾਰ ਪ੍ਰਾਪਤ-ਕਰਤਾ ਨੂੰ ਆਪਣਾ ਨਿੱਜੀ ਚੈਕ ਜਾਰੀ ਕਰਦਾ ਹੈ। ਆਪਣੀ ਅਸਲ ਰਕਮ ਦੇ ਭੁਗਤਾਨ ਲਈ ਚੈਕ ਪ੍ਰਾਪਤ ਕਰਨ ਵਾਲਾ ਉਸ ਚੈਕ ਨੂੰ ਆਪਣੇ ਬੈਂਕ ਖ਼ਾਤੇ ਵਿਚ ਜਮ੍ਹਾਂ ਕਰਵਾਉਂਦਾ ਹੈ। ਜੇਕਰ ਪ੍ਰਾਪਤ ਕਰਤਾ ਦਾ ਖ਼ਾਤਾ ਉਸੇ ਸ਼ਹਿਰ ਦੇ ਉਸੇ ਬੈਂਕ ਵਿੱਚ ਹੋਵੇ ਤਾਂ ਬੈਂਕ ਦੇ ਅੰਦਰੂਨੀ ਪ੍ਰਬੰਧ ਦੁਆਰਾ ਫੰਡ ਉਸ ਦੇ ਖ਼ਾਤੇ ਵਿਚ ਜਮ੍ਹਾਂ ਕਰ ਦਿੱਤੇ ਜਾਂਦੇ ਹਨ। ਜੇਕਰ ਪ੍ਰਾਪਤ ਕਰਤਾ ਉਸੇ ਸ਼ਹਿਰ ਜਾਂ ਕਿਸੇ ਹੋਰ ਸ਼ਹਿਰ ਦੇ ਕਿਸੇ ਹੋਰ ਬੈਂਕ ਵਿਚ ਹੋਵੇ ਤਾਂ ਉਸ ਦਾ ਬੈਂਕਰ ਕਲੀਅਰਿੰਗ ਹਾਊਸ ਰਾਹੀਂ ਦੇਣਦਾਰ ਦੇ ਬੈਂਕ ਤੋਂ ਫੰਡ ਇਕੱਠਾ ਕਰਨਾ ਯਕੀਨੀ ਬਣਾਉਂਦਾ ਹੈ।

6- ਕਲੀਅਰਿੰਗ ਹਾਊਸ ਕੀ ਹੁੰਦਾ ਹੈ ?

ਕਲੀਅਰਿੰਗ ਹਾਊਸ ਬੈਂਕਾਂ ਦੀ ਅਜਿਹੀ ਐਸੋਸੀਏਸ਼ਨ ਹੈ ਜੋ ਕਿਸੇ ਇਕ ਸ਼ਹਿਰ/ਥਾਂ ਤੇ ਵੱਖ ਵੱਖ ਬੈਂਕ ਸ਼ਾਖਾਵਾਂ ਦਰਮਿਆਨ ਬੈਂਕਾਂ ਰਾਹੀਂ ਭੁਗਤਾਨ ਨੂੰ ਆਸਾਨ ਬਣਾਉਂਦਾ ਹੈ। ਇਹ ਬੈਂਕਰਸ ਲਈ ਇਕੱਠੇ ਮਿਲ ਬੈਠਣ ਦਾ ਕੇਂਦਰੀ ਸਥਾਨ ਹੈ ਜਿੱਥੇ ਉਹ ਇਕ ਦੂਜੇ ਤੇ ਜਾਰੀ ਚੈਕਾਂ ਦੀ ਅਦਲਾ ਬਦਲੀ ਦੁਆਰਾ ਫੰਡ ਦਾ ਦਾਅਵਾ ਕਰਦੇ ਹਨ। ਅਜਿਹੀ ਪ੍ਰਕਿਰਿਆ ਨੂੰ ਕਲੀਅਰਿੰਗ ਪ੍ਰਕਿਰਿਆ ਕਿਹਾ ਜਾਂਦਾ ਹੈ। ਆਮ ਤੌਰ ਤੇ ਕਿਸੇ ਇਕ ਬੈਂਕ ਨੂੰ ਕਲੀਅਰਿੰਗ ਪ੍ਰਕਿਰਿਆ ਦਾ ਇੰਚਾਰਜ ਨਿਯੁਕਤ ਕੀਤਾ ਜਾਂਦਾ ਹੈ। ਚਾਰ ਮਹਾਂਨਗਰਾਂ ਅਤੇ ਕੁਝ ਹੋਰ ਪ੍ਰਮੁੱਖ ਸ਼ਹਿਰਾਂ ਵਿੱਚ ਰਿਜ਼ਰਵ ਬੈਂਕ ਆਫ ਇੰਡੀਆ ਕਲੀਅਰਿੰਗ ਹਾਊਸ ਦੀ ਕਾਰਵਾਈ ਦੀ ਦੇਖ-ਭਾਲ ਕਰ ਰਿਹਾ ਹੈ। ਆਪਣੀ ਪ੍ਰਕਿਰਿਆ ਦੇ ਸੰਚਾਲਣ ਲਈ ਹਰੇਕ ਕਲੀਅਰਿੰਗ ਹਾਊਸ ਦੇ ਆਰ.ਬੀ.ਆਈ.ਦੁਆਰਾ ਨਿਰਧਾਰਿਤ ਇਕੋ ਜਿਹੇ ਨਿਯਮ ਹਨ। ਚੈਂਕਾਂ ਰਾਹੀਂ ਭੁਗਤਾਨ ਨੂੰ ਸੰਭਵ ਬਣਾਉਣ ਲਈ ਦੇਸ਼ ਭਰ ਵਿੱਚ *1000* ਤੋਂ ਵੱਧ ਕਲੀਅਰਿੰਗ ਹਾਊਸ ਕੰਮ ਕਰ ਰਹੇ ਹਨ। ਇਨ੍ਹਾਂ ਦਾ ਪ੍ਰਬੰਧ ਆਰ.ਬੀ.ਆਈ ਸਟੇਟ ਬੈਂਕ ਆਫ ਇੰਡੀਆ ਅਤੇ ਸਰਕਾਰੀ ਖੇਤਰ ਦੇ ਹੋਰ ਬੈਂਕਾਂ ਦੁਆਰਾ ਕੀਤਾ ਜਾਂਦਾ ਹੈ।

7- ਇਸ ਕਲੀਅਰਿੰਗ ਪ੍ਰਕਿਰਿਆ ਵਿੱਚ ਕਿੰਨਾ ਸਮਾ ਲੱਗਦਾ ਹੈ ?

ਆਮ ਤੌਰ ਤੇ ਜੇਕਰ ਕਿਸੇ ਚੈਕ ਦਾ ਭੁਗਤਾਨ ਉਸ਼ੇ ਸ਼ਹਿਰ ਵਿੱਚ (ਲੋਕਲ ਚੈਕ) ਕੀਤਾ ਜਾਣਾ ਹੈ, ਤਾਂ ਇਸ ਵਿਚ 2 ਜਾਂ 3 ਦਿਨ ਲੱਗਦੇ ਹਨ। ਕੁਝ ਵੱਡੇ ਸ਼ਹਿਰਾਂ ਵਿਚ ਹਾਈ ਵੈਲਿਯੂ ਕਲੀਅਰਿੰਗ ਨਾਮ ਦੀ ਪ੍ਰਕਿਰਿਆ ਉਪਲਬੱਧ ਹੈ ਜੋ ਚੈਕ ਕਲੀਅਰਿੰਗ ਦੇ ਚੱਕਰ ਨੂੰ ਉਸੇ ਦਿਨ ਪੂਰਾ ਕਰ ਦਿੰਦਾ ਹੈ ਤੇ ਚੈਕ ਜਮ੍ਹਾਂ ਕਰਵਾਉਣ ਵਾਲਾ ਗਾਹਕ ਨੂੰ ਅਗਲੀ ਸਵੇਰ ਨੂੰ ਰਾਸ਼ੀ ਦਾ ਇਸਤੇਮਾਲ ਕਰਨ ਦੀ ਆਗਿਆ ਹੁੰਦੀ ਹੈ। ਪਰੰਤੂ ਇਸ ਹਾਈ ਵੈਲਯੂ ਕਲੀਅਰਿੰਗ ਕਾਰਜ ਖੇਤਰ ਦਾ ਘੇਰਾ ਬਹੁਤ ਸੀਮਤ ਹੁੰਦਾ ਹੈ ਅਤੇ ਇਹ ਮੁੱਖ ਵਪਾਰਕ ਖੇਤਰਾਂ ਦੀਆਂ ਸ਼ਾਖਾਵਾਂ ਵਿਚ ਹੀ ਉਪਲਬੱਧ ਹੈ, ਜਿਵੇਂ ਕਿ ਮੁੰਬਈ ਵਿੱਚ ਨਾਰੀਮਾਨ ਪੁਆਇੰਟ ਖੇਤਰ ਵਿਚ ਅਤੇ ਨਵੀਂ ਦਿੱਲੀ ਕਨਾਟ ਪਲੇਸ ਵਿੱਚ।

ਬਾਹਰਲੇ ਚੈਕਾਂ ਲਈ 3 ਤੋਂ 10 ਦਿਨ ਦਾ ਸਮਾਂ ਲੱਗ ਸਕਦਾ ਹੈ। ਰਿਜ਼ਰਵ ਬੈਂਕ ਨੇ ਬੈਂਕਾਂ ਨੂੰ ਆਪਣੀ ਚੈਕ ਕੁਲੈਕਸ਼ਨ ਪਾਲਿਸੀ ਪ੍ਰਚਾਰਿਤ ਕਰਨ ਦੀ ਸਲਾਹ ਦਿੱਤੀ ਹੈ ਤਾਂ ਜੋ ਗਾਹਕਾਂ ਨੂੰ ਪਤਾ ਚਲ ਸਕੇ ਕਿ ਉਨ੍ਹਾਂ ਨੂੰ ਇਸਤੇਮਾਲ ਕਰਨ ਲਈ ਰਾਸ਼ੀ ਕਦੋਂ ਉਪਲਬੱਧ ਹੋਵੇਗੀ। ਸਾਧਾਰਣ ਸਮੇਂ ਤੋਂ ਵੱਧ ਦੇਰੀ ਲਈ ਬੈਂਕ ਗਾਹਕਾਂ ਨੂੰ ਮੁਆਵਜ਼ਾ ਦੇਣ ਲਈ ਜ਼ਿੰਮੇਵਾਰ ਹਨ। (ਭਾਵੇਂ ਗਾਹਕ ਨੇ ਇਸ ਦੀ ਮੰਗ ਨਾ ਵੀ ਕੀਤੀ ਹੋਵੇ)।

8- ਕੀ ਭੁਗਤਾਨ ਲਈ ਚੈਕਾਂ ਦੇ ਇਸਤੇਮਾਲ ਕਰਨ ਲਈ ਗਾਹਕ ਨੂੰ ਕੋਈ ਫੀਸ ਦੇਣੀ ਪਵੇਗੀ ?

ਚੈਕਾਂ ਦੁਆਰਾ ਭੁਗਤਾਨ ਪ੍ਰਾਪਤ ਕਰਨ ਵਾਲੇ ਨੂੰ ਆਪਣੇ ਬੈਂਕ ਰਾਹੀਂ ਫੰਡ ਹਾਸਿਲ ਕਰਨ ਲਈ ਕੁਝ ਫੀਸ ਦੇਣੀ ਪੈਂਦੀ ਹੈ। ਸਥਾਨਕ ਚੈਕਾਂ ਲਈ ਕੋਈ ਫੀਸ ਨਹੀਂ ਲਈ ਜਾਂਦੀ । ਬਾਹਰਲੇ ਚੈਕਾਂ ਲਈ ਬੈਂਕ ਕੁਝ ਫੀਸ ਲੈਂਦਾ ਹੈ ਜੋ ਜੋ ਚੈਕ ਦੀ ਰਾਸ਼ੀ ਅਤੇ ਉਸ ਸਥਾਨ ਤੇ ਨਿਰਭਰ ਕਰਦੀ ਹੈ ਰਾਸ਼ੀ ਵਸੂਲ ਕੀਤੀ ਜਾਣੀ ਹੁੰਦੀ ਹੈ। ਬੈਂਕਾਂ ਦੁਆਰਾ ਲਈ ਜਾਣ ਵਾਲੀ ਫੀਸ ਬਾਰੇ ਫੈਸਲਾ ਇੰਡੀਅਨ ਬੈਂਕ ਐਸੋਸੀਏਸ਼ਨ ਜਾਂ ਖੁਦ ਬੈਂਕ ਕਰਦੇ ਹਨ। ਬੈਂਕਾਂ ਲਈ ਫੀਸ ਦਾ ਸ਼ਡਿਊਲ ਪ੍ਰਕਾਸ਼ਿਤ ਕਰਵਾਉਣਾ ਵੀ ਜ਼ਰੂਰੀ ਹੈ।

9- ਨਕਦੀ ਅਤੇ ਚੈਕਾਂ ਦੇ ਪ੍ਰਯੋਗ ਤੋਂ ਬਿਨਾਂ ਭੁਗਤਾਨ ਕਿਵੇਂ ਕੀਤਾ ਜਾ ਸਕਦੇ ਹਨ ?

ਦੋ ਜਾਂ ਦੋ ਤੋਂ ਵੱਧ ਪੱਖੀ ਦਰਮਿਆਨ ਭੁਗਤਾਨ ਚੈਕਾਂ ਦੇ ਪ੍ਰਯੋਗ ਬਿਨਾਂ ਇਲੈਕਟ੍ਰਾਨਿਕ ਹਦਾਇਤਾਂ ਦੁਆਰਾ ਕੀਤੀ ਜਾ ਸਕਦਾ ਹੈ। ਅਜਿਹੇ ਫੁਟਕਲ ਭੁਗਤਾਨਾਂ ਨੂੰ ਸੰਭਵ ਬਣਾਉਣ ਲਈ ਉਪਲਬੱਧ ਵਿਧੀਆਂ ਹਨ, ਇਲੈਕਟ੍ਰਾਨਿਕਸ ਫੰਡ ਟ੍ਰਾਂਸਫਰ, ਇਲੈਕਟ੍ਰਾਨਿਕ ਕਲੀਅਰਿੰਗ ਸਰਵਿਸ, ਕ੍ਰੈਡਿਟ/ਡੈਬਿਟ ਕਾਰਡ ਆਦਿ।

10- ਕੀ ਕਿਸੇ ਬੈਂਕ ਦਾ ਗਾਹਕ ਕਿਸੇ ਦੂਸਰੇ ਬੈਂਕ ਦਾ ਏ.ਟੀ.ਐਮ.ਇਸਤੇਮਾਲ ਕਰ ਸਕਦਾ ਹੈ ?

ਹਾਂ, ਜੇਕਰ ਗਾਹਕ ਦੇ ਬੈਂਕ ਦਾ ਏ.ਟੀ.ਐਮ.ਵਾਲੇ ਬੈਂਕ ਨਾਲ ਅਜਿਹਾ ਪ੍ਰਬੰਧ ਹੈ। ਇਸ ਸਮੇਂ ਸਟੈਂਡ ਅਲੋਨ ਏ.ਟੀ.ਐਮ.ਬਹੁਤ ਥੋੜ ਹਨ ਅਤੇ ਆਮ ਤੌਰ ਤੇ ਅਜਿਹੇ ਸਟੈਂਡ ਅਲੋਨ

ਏ.ਟੀ.ਐਮ. ਬੈਂਕ ਦੀ ਇਮਾਰਤ ਵਿੱਚ ਹੀ ਲੱਗੇ ਹੋਏ ਹਨ। ਕਿਸੇ ਦੂਸਰੇ ਬੈਂਕ ਦਾ ਏ.ਟੀ.ਐਮ.ਬੈਂਕ ਦੀ ਇਮਾਰਤ ਵਿੱਚ ਹੀ ਲੱਗੇ ਹੋਏ ਹਨ। ਕਿਸੇ ਦੂਸਰੇ ਬੈਂਕ ਦਾ ਏ.ਟੀ.ਐਮ.ਇਸਤੇਮਾਲ ਕਰਨ ਲਈ ਆਮ ਤੌਰ ਤੇ ਗਾਹਕ ਤੋਂ ਇੰਟਰਚੇਂਜ ਫੀ ਨਾਮ ਦਾ ਸਰਵਿਸ ਚਾਰਜ ਲਿਆ ਜਾਂਦਾ ਹੈ।

11- ਕੀ.ਏ.ਟੀ.ਐਮ. ਦੀ ਵਰਤੋਂ ਕੇਵਲ ਨਕਦ ਰਾਸ਼ੀ ਕਢਵਾਉਣ ਲਈ ਕੀਤੀ ਜਾਂਦੀ ਹੈ ?

ਨਕਦ ਰਾਸ਼ੀ ਕਢਵਾਉਣ ਤੋਂ ਇਲਾਵਾ, ਏ.ਟੀ.ਐਮ.ਦੀ ਵਰਤੋਂ ਯੂਟੀਲਿਟੀ ਬਿਲਾਂ ਦੇ ਭੁਗਤਾਨ ਲਈ, ਖ਼ਾਤਿਆਂ ਦਰਮਿਆਨ ਫੰਡਜ ਟ੍ਰਾਂਸਫਰ ਲਈ, ਖ਼ਾਤਿਆਂ ਵਿੱਚ ਚੈਕ ਅਤੇ ਨਕਦ ਰਾਸ਼ੀ ਜਮ੍ਹਾਂ ਕਰਵਾਉਣ ਲਈ, ਬਕਾਏ ਦੀ ਜਾਣਕਾਰੀ ਲੈਣ ਲਈ ਅਤੇ ਕਈ ਤਰ੍ਹਾਂ ਦੇ ਹੋਰ ਬੈਂਕਿੰਗ ਲੈਣ ਦੇਣ ਲਈ ਏ.ਟੀ.ਐਮ. ਧਾਰਕ ਬੈਂਕ ਗਾਹਕਾਂ ਨੂੰ ਦੇਣਾ ਚਾਹੁਣ, ਲਈ ਕੀਤੀ ਜਾ ਸਕਦੀ ਹੈ।

12- ਪੇਮੈਂਟ ਪ੍ਰਣਾਲੀਆਂ ਵਿੱਚ ਕਰੈਡਿਟ/ਡੈਬਿਟ ਕਾਰਡਾਂ ਦੀ ਕੀ ਭੂਮਿਕਾ ਹੈ ?

ਕਰੈਡਿਟ/ਡੈਬਿਟ ਕਾਰਡਾਂ ਦੀ ਵਰਤੋਂ ਦੇਸ਼ ਵਿੱਚ ਹਰ ਪਾਸੇ ਹੋ ਰਹੀ ਹੈ ਕਿਉਂਕਿ ਉਹ ਨਕਦੀ ਅਤੇ ਚੈਕਾਂ ਤੋਂ ਬਿਨਾਂ ਸਾਮਾਨ ਅਤੇ ਸੇਵਾਵਾਂ ਬਦਲੇ ਭੁਗਤਾਨ ਕਰਨ ਦਾ ਆਸਾਨ ਸਾਧਨ ਹਨ। ਬੈਂਕ ਆਪਣੇ ਗਾਹਕਾਂ ਨੂੰ ਕਰੈਡਿਟ ਕਾਰਡ ਜਾਰੀ ਕਰਦੇ ਹਨ। ਜਿਹੜੀ ਵਪਾਰਕ ਸੰਸਥਾ ਕਰੈਡਿਟ/ਡੈਬਿਟ ਕਾਰਡਾਂ ਨੂੰ ਭੁਗਤਾਨ ਲਈ ਸਵੀਕਾਰ ਕਰਦੀ ਹੈ ਉਹ ਆਪਣੇ ਬੈਂਕ ਰਾਹੀਂ ਗਾਹਕ ਦੇ ਬੈਂਕ ਤੋਂ ਰਾਸ਼ੀ ਹਾਸਿਲ ਕਰਦਾ ਹੈ।

13- ਡੈਬਿਟ ਕਾਰਡ ਅਤੇ ਕਰੈਡਿਟ ਕਾਰਡ ਵਿੰਚ ਕੀ ਅੰਤਰ ਹੈ ?

ਡੈਬਿਟ ਕਾਰਡ ਇਕ ਅਜਿਹਾ ਕਾਰਡ ਹੈ ਜਿਸ ਦੀ ਪਹੁੰਚ ਸਿੱਧੀ ਖ਼ਾਤੇ ਤੱਕ ਹੈ। (ਭੁਗਤਾਨ ਦੀ ਰਾਸ਼ੀ ਤੁਰੰਤ ਖਾਤੇ 'ਚੋਂ ਕੱਟੀ ਜਾਂਦੀ ਹੈ ) ਡੈਬਿਟ ਕਾਰਡ ਧਾਰਕ ਕੇਵਲ ਆਪਣੇ ਖ਼ਾਤੇ ਵਿੱਚ ਬਕਾਏ ਦੇ ਬਰਾਬਰ ਦੀ ਲੈਣ ਦੇਣ ਕਰ ਸਕਦਾ ਹੈ। ਦੂਜੇ ਪਾਸੇ, ਕਰੈਡਿਟ ਕਾਰਡ ਵਿੱਚ ਇਹ

ਪ੍ਰਬੰਧ ਹੈ ਕਿ ਕਾਰਡ ਦੀ ਵਰਤੋਂ ਕਰਨ ਵਾਲੇ ਨੂੰ ਬਿਲ ਦੀ ਪੂਰੀ ਰਾਸ਼ੀ ਜਾਂ ਆਂਸ਼ਿਕ ਤੌਰ ਤੇ ਕਿਸ਼ਤਾਂ ਵਿਚ ਕਰੈਡਿਟ ਮਿਲ ਜਾਂਦਾ ਹੈ।

14- ਈ.ਐਫ.ਟੀ. ਕੀ ਹੈ ?

ਇਲੈਕਟ੍ਰਾਨਿਕ ਫੰਡ ਟ੍ਰਾਂਸਫਰ (ਈ.ਐਫ.ਟੀ.) ਇਕ ਅਜਿਹੀ ਪ੍ਰਣਾਲੀ ਹੈ ਜਿਸ ਰਾਹੀਂ ਕੋਈ ਵੀ ਜੋ ਕਿਸੇ ਵਿਕਅਤੀ/ਕੰਪਨੀ ਆਦਿ ਨੂੰ ਭੁਗਤਾਨ ਕਰਨਾ ਚਾਹੁੰਦਾ ਹੈ, ਆਪਣੇ ਬੈਂਕ ਜਾ ਕੇ ਨਕਦ ਰਾਸ਼ੀ ਜਮ੍ਹਾਂ ਕਰਵਾ ਸਕਦਾ ਹੈ ਜਾਂ ਆਪਣੇ ਖ਼ਾਤੇ ਵਿੱਚੋ ਪ੍ਰਾਪਤ ਕਰਤਾ/ਲੈਣਦਾਰ ਦੇ ਖ਼ਾਤੇ ਵਿਚ ਸਿੱਧੇ ਹੀ ਫੰਡਜ਼ ਟ੍ਰਾਂਸਫਰ ਕਰਨ ਲਈ ਹਦਾਇਤਾਂ/ਅਧਿਕਾਰ ਦੇ ਸਕਦਾ ਹੈ। ਅਜਿਹੇ ਫੰਡ ਟ੍ਰਾਂਸਫਰ ਲਈ ਬੇਨਤੀ ਕਰਦੇ ਸਮੇਂ ਪੂਰੇ ਵੇਰਵਾ ਜਿਵੇਂ ਕਿ ਪ੍ਰਾਪਤਕਰਤਾ ਦਾ ਨਾਮ, ਬੈਂਕ ਖ਼ਾਤਾ ਸੰਖਿਆ, ਖ਼ਾਤੇ ਦੀ ਕਿਸਮ (ਬਚਤ ਜਾਂ ਚਾਲੂ ਖ਼ਾਤਾ), ਬੈਂਕ ਦਾ ਨਾਮ, ਸ਼ਹਿਰ, ਸ਼ਾਖਾ ਦਾ ਨਾਮ ਆਦਿ, ਦੇਣਾ ਚਾਹੀਦਾ ਹੈ ਤਾਂ ਜੋ ਰਾਸ਼ੀ ਠੀਕ ਤਰ੍ਹਾਂ ਅਤੇ ਤੇਜ਼ੀ ਨਾਲ ਪ੍ਰਾਪਤ ਕਰਤਾ ਦੇ ਖ਼ਾਤੇ ਵਿੱਚ ਪਹੁੰਚ ਜਾਵੇ। ਈ.ਐਫ.ਟੀ.ਸੇਵਾ ਆਰ.ਬੀ.ਆਈ.ਦੁਆਰਾ ਪ੍ਰਦਾਨ ਕੀਤੀ ਜਾਂਦੀ ਹੈ।

15- ਕੀ ਮੈਂ ਭਾਰਤ ਵਿੱਚ ਕਿਤੇ ਵੀ ਫੰਡ ਟ੍ਰਾਂਸਫਰ ਕਰਵਾਉਣ ਲਈ ਈ.ਐਫ.ਟੀ.ਦੀ ਵਰਤੋਂ ਕਰ ਸਕਦਾ ਹਾਂ?

ਇਸ ਸਮੇਂ ਫੰਡ ਟ੍ਰਾਂਸਫਰ ਲਈ ਈ.ਐਫ.ਟੀ.ਸੁਵਿਧਾ ਦੇਸ਼ ਵਿਚ ਲਗਭਗ 15 ਪ੍ਰਮੁੱਖ ਸ਼ਹਿਰਾਂ ਅਤੇ ਕਸਬਿਆਂ ਵਿੱਚ ਉਪਲਬੱਧ ਹੈ। ਇਕ ਹੋਰ ਵਿਸ਼ੇਸ ਪ੍ਰਣਾਲੀ ਜਿਸ ਨੂੰ ਵਿਸ਼ੇਸ਼ ਈ.ਐਫ.ਟੀ. ਪ੍ਰਣਾਲੀ ਕਿਹਾ ਜਾਂਦਾ ਹੈ, ਅਧੀਨ 200 ਤੋਂ ਵੱਧ ਸ਼ਹਿਰਾਂ ਵਿਚ ਕਈ ਹੋਰ ਚੁਨਿੰਦਾ ਸ਼ਾਖਾਵਾਂ ਜੋ ਬੈਂਕਾਂ ਦੇ ਕੰਪਿਊਟਰ ਨੈਟਵਰਕ ਤੇ ਹਨ, ਨੂੰ ਇਲੈਕਟ੍ਰਾਨਿਕ ਫੰਡ ਟ੍ਰਾਂਸਫਰ ਦੇ ਦਾਇਰੇ ਵਿਚ ਲਿਆਂਦਾ ਗਿਆ ਹੈ। ਅਜਿਹੇ ਸ਼ਹਿਰਾਂ ਅਤੇ ਸ਼ਾਖਾਵਾਂ ਦਾ ਵੇਰਵਾ ਸਬੰਧਤ ਬੈਂਕਾਂ ਅਤੇ ਆਰ.ਬੀ.ਆਈ.ਦੀ ਵੈਬਸਾਈਟ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ।

16- ਈ.ਐਫ.ਟੀ.ਰਾਹੀਂ ਫੰਡ ਟ੍ਰਾਂਸਫਰ ਵਿਚ ਕਿੰਨਾ ਸਮਾਂ ਲੱਗਦਾ ਹੈ?

ਆਮ ਤੌਰ ਤੇ ਉਸ ਦਿਨ ਜਾਂ ਵੱਧ ਤੋਂ ਵੱਧ ਅਗਲੇ ਕੰਮ ਵਾਲੇ ਦਿਨ ਫੰਡ ਟ੍ਰਾਂਸਫਰ ਹੋ ਜਾਂਦੇ ਹਨ ਅਤੇ ਇਹ ਅਜਿਹੇ ਫੰਡ ਟ੍ਰਾਂਸਫਰ ਲਈ ਕੀਤੀ ਬੇਨਤੀ ਦੇ ਸਮੇਂ ਤੇ ਨਿਰਭਰ ਕਰਦਾ ਹੈ। ਇਸ ਪਹਿਲੂ ਬਾਰੇ ਗਾਹਕ ਨੂੰ ਫੰਡ ਟ੍ਰਾਂਸਫਰ ਦੀ ਬੇਨਤੀ ਕਰਦੇ ਸਮੇਂ ਆਪਣੇ ਬੈਂਕ ਤੋਂ ਪੱਕੀ ਜਾਣਕਾਰੀ ਲੈ ਲੈਣੀ ਚਾਹੀਦੀ ਹੈ।

17- ਕੀ ਈ.ਐਫ.ਟੀ.ਰਾਹੀਂ ਫੰਡ ਟ੍ਰਾਂਸਫਰ ਲਈ ਕੋਈ ਫੀਸ ਰੱਖੀ ਗਈ ਹੈ ?

ਬੈਂਕ ਆਮ ਤੌਰ ਤੇ ਹੋਰ ਸੇਵਾਵਾਂ, ਜਿਵੇਂ ਕਿ ਡਿਮਾਂਡ ਡਰਾਫ਼ਟ, ਪੇ ਆਰਡਰ ਆਦਿ ਦੀ ਤਰ੍ਹਾਂ ਈ.ਐਂਡ ਟੀ. ਲਈ ਕੁਝ ਪ੍ਰੋਸੈਸਿੰਗ ਫੀਸ ਲੈਂਦੇ ਹਨ। ਇਹ ਫੀਸ ਰਾਸ਼ੀ ਅਤੇ ਬੈਂਕ ਗਾਹਕ ਦਰਮਿਆਨ ਸਬੰਧ ਤੇ ਨਿਰਭਰ ਕਰਦੀ ਹੈ। ਪਰੰਤੂ ਇਸ ਸਮੇਂ ਰਿਜ਼ਰਵ ਬੈਂਕ ਆਫ ਇੰਡੀਆ ਦੁਆਰਾ ਚਲਾਏ ਜਾ ਰਹੇ ਕਲੀਅਰਿੰਗ ਹਾਊਸਾਂ ਵਿਚ ਅਜਿਹੇ ਫੰਡ ਟ੍ਰਾਂਸਫਰ ਦੀ ਪ੍ਰੋਸੈਸਿੰਗ ਲਈ ਬੈਂਕਾਂ ਤੋਂ ਲਈ ਜਾ ਰਹੀ ਪੂਰੀ ਫੀਸ ਆਰ.ਬੀ.ਆਈ.ਨੇ ਮੁਆਫ ਕਰ ਦਿੱਤੀ ਹੈ। ਇਸ ਨੇ ਨਿਸ਼ਚਿਤ ਹੀ ਬੈਂਕਾਂ ਲਈ ਵੀ ਪ੍ਰੋਸੈਸਿੰਗ ਖਰਚਾ ਵਿੱਚ ਕਮੀ ਕੀਤੀ ਹੈ।

18- ਮੈਂ ਫੰਡ ਪ੍ਰਾਪਤ ਕਰਨ ਲਈ/ਭੁਗਤਾਨ ਕਰਨ ਲਈ ਇਲੈਕਟ੍ਰਾਨਿਕ ਕਲੀਅਰਿੰਗ ਸਿਸਟਮ ਦੀ ਵਰਤੋਂ ਕਿਸੇ ਪ੍ਰਕਾਰ ਕਰ ਸਕਦਾ ਹਾਂ ?

ਇਲੈਕਟ੍ਰਾਨਿਕ ਕਲੀਅਰਿੰਗ ਸਿਸਟਮ (ਈ.ਸੀ.ਐਸ.) ਫੁਟਕਲ ਭੁਗਤਾਨ ਕਰਨ ਦੀ ਪ੍ਰਣਾਲੀ ਹੈ ਜੋ ਇਕੋ ਜਿਹੇ ਅਨੇਕ ਭੁਗਤਾਨਾਂ/ਪ੍ਰਾਪਤੀਆਂ, ਜਿੱਥੇ ਹਰੇਕ ਭੁਗਤਾਨ ਬਾਰ ਬਾਰ ਅਤੇ ਤੁਲਨਾਤਮਕ ਤੌਰ ਤੇ ਘੱਟ ਰਾਸ਼ੀ ਦਾ ਹੋਵੇ, ਲਈ ਪ੍ਰਯੋਗ ਕੀਤੀ ਜਾਂਦੀ ਹੈ। ਇਹ ਸੁਵਿਧਾ ਨਿੱਜੀ ਵਿਅਕਤੀਆਂ ਦੁਆਰਾ ਫੰਡ ਟ੍ਰਾਂਸਫਰ ਦੀ ਬਜਾਇ ਕੰਪਨੀਆਂ ਸਰਕਾਰੀ ਮਹਿਕਮਿਆਂ ਦੁਆਰਾ ਛੱਡੀਆਂ ਪ੍ਰਾਪਤੀਆਂ/ਭੁਗਤਾਨ ਕਰਨ ਲਈ ਉਚਿੱਤ ਹੈ। ਈ.ਸੀ.ਐਸ.ਸੁਵਿਧਾ ਭਾਰਤ ਵਿੱਚ 47 ਕੇਂਦਰਾਂ ਤੇ ਉਪਲਬੱਧ ਹੈ ਜਿਸ ਦੀ ਸੰਚਾਲਣ ਆਰ.ਬੀ.ਦੁਆਰਾ ਉਨ੍ਹਾਂ ਸਥਾਨਾਂ ਤੇ ਕੀਤਾ ਜਾ ਰਿਹਾ ਹੈ ਜਿੱਥੇ ਆਰ.ਬੀ.ਆਈ.ਆਪਣੇ ਕਲੀਅਰਿੰਗ ਹਾਊਸਾਂ ਦਾ ਪ੍ਰਬੰਧ ਕਰਦਾ ਹੈ ਅਤੇ ਹੋਰ ਕੇਂਦਰਾਂ ਵਿੱਚ ਸਟੇਟ ਬੈਂਕ ਆਫ ਇੰਡੀਆ ਅਤੇ ਇਸ ਦੇ ਸਹਾਇਕ ਬੈਂਕ ਇਸ ਦਾ ਸੰਚਾਲਣ ਕਰਦੇ ਹਨ। ਈ.ਸੀ.ਐਸ. ਨੂੰ ਅੱਗੇ ਹੋਰ ਦੋ ਕਿਸਮਾਂ ਵਿਚ ਵੰਡਿਆਂ ਗਿਆ ਹੈ, ''ਈ.ਸੀ.ਐਸ.(ਕਰੈਡਿਟ) ਜੋ ਨਿਜੀ ਵਿਅਕਤੀਆਂ/ਵਿਕਰੇਤਾਵਾਂ ਨੂੰ ਵੱਡੇ ਭੁਗਤਾਨ

ਲਈ ਹੈ, ਅਤੇ ਈ.ਸੀ.ਐਸ.(ਡੈਬਿਟ) ਜੋ ਨਿੱਜੀ ਵਿਅਕਤੀਆਂ ਤੋਂ ਵੱਡੇ ਯੂਟੀਲਿਟੀ ਭੁਗਤਾਨ ਪ੍ਰਾਪਤ ਕਰਨ ਲਈ ਹੈ।

19- ਈ.ਸੀ.ਐਸ.(ਕਰੈਡਿਟ) ਕੀ ਹੈ ?

ਈ.ਸੀ.ਐਸ.(ਕਰੈਡਿਟ) ਅਧੀਨ ਕੋਈ ਵਿਅਕਤੀ/ਕੰਪਨੀ ਆਪਣੇ ਬੈਂਕ ਖ਼ਾਤੇ ਵਿਚੋਂ ਸਿੱਧੇ ਹੀ ਕਈ ਸਾਰੇ ਪ੍ਰਾਪਤ ਕਰਨ ਵਾਲਿਆਂ ਦੇ ਬੈਂਕ ਖ਼ਾਤੇ ਵਿੱਚ ਭੁਗਤਾਨ ਕਰ ਸਕਦਾ ਹੈ। ਉਦਾਹਰਣ ਲਈ, ਕੰਪਨੀਆਂ ਈ.ਸੀ.ਐਸ.(ਕਰੈਡਿਟ) ਦੀ ਵਰਤੋਂ ਸਮੇਂ ਸਮੇਂ ਤੇ ਆਪਣੇ ਨਿਵੇਸ਼ਕਾਂ ਨੂੰ ਲਾਭਾਂਸ਼ ਅਤੇ ਵਿਆਜ ਦੇ ਭੁਗਤਾਨ ਲਈ ਕਰਦੀਆਂ ਹਨ। ਇਸੇ ਤਰ੍ਹਾਂ ਬੈਂਕਾਂ ਅਤੇ ਸਰਕਾਰੀ ਮਹਿਕਮਿਆਂ ਵਰਗੇ ਮੁਲਾਜਮਤ ਦੇਣ ਵਾਲੇ ਈ.ਸੀ.ਐਸ.(ਕਰੈਡਿਟ) ਦੁਆਰਾ ਆਪਣੇ ਕਰਮਚਾਰੀਆਂ ਨੂੰ ਹਰ ਮਹੀਨੇ ਤਨਖ਼ਾਹਾਂ ਦਾ ਭੁਗਤਾਨ ਕਰਦੇ ਹਨ। ਵਿਕਰੇਤਾਵਾਂ ਨੂੰ ਵਾਰ ਵਾਰ ਕੀਤੇ ਜਾਣ ਵਾਲੇ ਭੁਗਤਾਨ ਵੀ ਵਿਧੀ ਨਾਲ ਕੀਤੇ ਜਾ ਸਕਦੇ ਹਨ। ਇਸ ਮੰਤਵ ਲਈ ਭੁਗਤਾਨ ਕਰਨ ਵਾਲੇ ਵਿਅਕਤੀ/ਕੰਪਨੀ ਨੂੰ ਪ੍ਰਾਪਤੀ ਲੈਣ ਵਾਲੇ ਵਿਅਕਤੀ ਦੇ ਬੈਂਕ ਖ਼ਾਤੇ ਦਾ ਵੇਰਵਾ ਹਾਸਲ ਕਰਨਾ ਪੈਂਦਾ ਹੈ। ਭੁਗਤਾਨ ਕੰਪਨੀ ਦੀ ਸਰਪ੍ਰਸਤੀ ਕਰਨ ਵਾਲੇ ਬੈਂਕ ਰਾਹੀਂ ਕੀਤਾ ਜਾਂਦਾ ਹੈ ਅਤੇ ਅਜਿਹੇ ਬੈਂਕਾਂ ਨੂੰ ਇਹ ਸੁਨਿਸ਼ਚਿਤ ਕਰਨਾ ਪੈਂਦਾ ਹੈ ਕਿ ਕੰਪਨੀ ਦੇ ਖ਼ਾਤਿਆਂ ਵਿਚ ਕਿਸੇ ਖ਼ਾਸ ਸੈਂਟਲਮੈਂਟ ਦੀ ਰਾਸ਼ੀ ਦੇ ਭੁਗਤਾਨ ਲਈ ਪੂਰੀ ਰਕਮ ਹੈ ਜਾਂ ਨਹੀਂ। ਸਰਪ੍ਰਸਤ ਬੈਂਕ ਅਕਸਰ ਉਹੀ ਬੈਂਕ ਹੁੰਦਾ ਹੈ ਜਿੱਥੇ ਕੰਪਨੀ ਦਾ ਖ਼ਾਤਾ ਚੱਲ ਰਿਹਾ ਹੁੰਦਾ ਹੈ।

20- ਈ.ਸੀ.ਐਸ.(ਡੈਬਿਟ) ਕੀ ਹੈ ?

ਈ.ਸੀ.ਐਸ.(ਡੈਬਿਟ ) ਦਾ ਪ੍ਰਯੋਗ ਜ਼ਿਆਦਾਤਰ ਯੂਟੀਲਿਟੀ ਕੰਪਨੀਆਂ ਜਿਵੇਂ ਕਿ ਟੈਲੀਫੂਨ ਕੰਪਨੀਆਂ, ਬਿਜਲੀ ਕੰਪਨੀਆਂ ਆਦਿ। ਦੁਆਰਾ ਆਪਣੇ ਗਾਹਕਾਂ ਦੇ ਖ਼ਾਤੇ ਚੋਂ ਸਿੱਧੇ ਹੀ ਬਿਲਾਂ ਦੀ ਅਦਾਇਗੀ ਲਈ ਭੁਗਤਾਨ ਪ੍ਰਾਪਤ ਕਰਨ ਲਈ ਕੀਤਾ ਜਾਂਦਾ ਹੈ। ਨਕਦੀ ਜਾਂ ਚੈਕ ਰਾਹੀਂ ਭੁਗਤਾਨ ਕਰਨ ਦੀ ਬਜਾਏ ਕੋਈ ਵੀ ਗਾਹਕ (ਵਿਅਕਤੀ ਅਤੇ ਕੰਪਨੀਆਂ) ਬਿਲ ਦੀ ਅਦਾਇਗੀ ਸਿੱਧੇ ਹੀ ਆਪਣੇ ਬੈਂਕ ਖ਼ਾਤੇ ਵਿਚੋਂ ਬਿਜਲੀ ਮੁਹੱਈਆ ਕਰਵਾਉਣ ਵਾਲਿਆਂ/ਕੰਪਨੀ/ਬੋਰਡ ਦੇ ਖ਼ਾਤੇ ਵਿੱਚ ਕਰਨ ਦਾ ਵਿਕਲਪ ਚੁਣ ਸਕਦਾ ਹੈ। ਇਸ ਮੰਤਵ

ਲਈ ਗਾਹਕ ਨੂੰ ਯੂਟੀਲਿਟੀ ਕੰਪਨੀ ਨੂੰ ਇਕ ਅਰਜੀ ਦੇਣੀ ਪੈਂਦੀ ਹੈ(ਬਸ਼ਰਤੇ ਉਸ ਕੰਪਨੀ ਨੇ ਈ.ਸੀ.ਐਸ.(ਡੈਬਿਟ) ਦਾ ਵਿਕਲਪ ਲੈ ਰੱਖਿਆ ਹੋਵੇ) ਜਿਸ ਵਿੱਚ ਉਸ ਬੈਂਕ ਖ਼ਾਤੇ ਦਾ ਵੇਰਵਾ ਦਿੱਤਾ ਹੋਵੇ ਜਿਸ ਵਿਚੋਂ ਹਰ ਮਹੀਨੇ/ਦੋ ਮਹੀਨੇ ਦੇ ਬਿਲ ਦੀ ਰਕਮ ਸਿੱਧੇ ਹੀ ਕੱਟੀ ਜਾ ਸਕਦੀ ਹੈ। ਅਜਿਹੇ ਵੇਰਵੇ ਨੂੰ ਗਾਹਕ ਦੇ ਉਸ ਬੈਂਕ ਦੁਆਰਾ ਪ੍ਰਮਾਣਿਤ ਕੀਤਾ ਜਾਂਦਾ ਹੈ ਜੋ ਇਸ ਵਿਧੀ ਰਾਹੀਂ ਭੁਗਤਾਨ ਕਰਨ ਦਾ ਵਿਕਲਪ ਰੱਖਦਾ ਹੈ। ਇਕ ਵਾਰ ਅਜਿਹਾ ਵਿਕਲਪ ਦੇਣ ਤੋਂ ਬਾਅਦ ਯੂਟੀਲਿਟੀ ਕੰਪਨੀ ਗਾਹਕ ਦੇ ਬੈਂਕ ਨੂੰ ਸਲਾਹ ਦਿੰਦੀ ਹੈ ਕਿ ਉਹ ਬਿਲ ਭੁਗਤਾਨ ਲਈ ਅੰਤਿਮ ਮਿਤੀ ਨੂੰ ਗਾਹਕ ਦੇ ਖ਼ਾਤੇ ਚੋਂ ਬਿਲ ਦੀ ਰਕਮ ਕੱਟ ਕੇ ਕੰਪਨੀ ਦੇ ਆਪਣੇ ਖ਼ਾਤੇ ਵਿਚ ਟ੍ਰਾਂਸਫਰ ਕਰ ਦੇਵੇ। ਅਜਿਹਾ ਸਰਪ੍ਰਸਤ ਬੈਂਕ ਦੇ ਖ਼ਾਤੇ ਨੂੰ ਕਰੈਡਿਟ ਦੇ ਕੇ ਕੀਤਾ ਜਾਂਦਾ ਹੈ ਜਿਹੜਾ ਕਿ ਮੁੜ ਅਕਸਰ ਉਹੀ ਬੈਂਕ ਹੁੰਦਾ ਹੈ ਜਿਸ ਕੋਲ ਪ੍ਰਾਪਤ ਕਰਤਾ ਕੰਪਨੀ ਦਾ ਖ਼ਾਤਾ ਹੁੰਦਾ ਹੈ। ਅਸਲ ਬਿਲ ਪਹਿਲਾਂ ਦੀ ਤਰ੍ਹਾਂ ਹੀ ਗਾਹਕ ਦੇ ਪਤੇ ਤੇ ਹੀ ਭੇਜਿਆ ਜਾਂਦਾ ਹੈ।

21- ਕੀ ਈ.ਸੀ.ਐਸ.ਦੀ ਵਰਤੋਂ ਕਰਨ ਲਈ ਕੋਈ ਫੀਸ ਨਿਰਧਾਰਤ ਹੈ ?

ਇਸ ਸਮੇਂ ਆਰ.ਬੀ.ਆਈ. ਨੇ ਬੈਂਕਾਂ ਨੂੰ ਈ.ਐਫ.ਟੀ. ਦੀ ਤਰ੍ਹਾਂ ਸਾਰੇ ਪ੍ਰੋਸੈਸਿੰਗ ਚਾਰਜਿਜ ਮੁਆਫ ਕਰ ਰੱਖੀ ਹਨ। ਪਰੰਤੂ ਬੈਂਕਾਂ ਨੂੰ ਆਪਣੇ ਕਾਰਪੋਰੇਟ ਗਾਹਕਾਂ ਤੋਂ ਇਹ ਚਾਰਜਿਜ ਲੈਣ ਦੀ ਛੂਟ ਹੈ।

22- ਕੋਈ ਐਨ.ਆਰ.ਆਈ.ਭਾਰਤ ਵਿੱਚ ਧੰਨ ਕਿਸ ਪ੍ਰਕਾਰ ਭੇਜ ਸਕਦਾ ਹੈ ?

ਐਨ.ਆਰ.ਆਈ. ਦੇ ਰੂਪ ਵਿਚ ਕੋਈ ਵੀ ਵਿਅਕਤੀ ਕਿਸੇ ਵਿਦੇਸ਼ੀ ਵਿਚਲੇ ਬੈਂਕ ਦੁਆਰਾ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੁਵਿਧਾਵਾਂ ਅਨੁਸਾਰ ਸਾਧਾਰਣ ਬੈਂਕਿੰਗ ਚੈਨਲਸ ਰਾਹੀਂ ਧੰਨ ਭਾਰਤ ਵਿਚ ਭੇਜ ਸਕਦਾ ਹੈ। ਵਿਕਲਪ ਵਜੋਂ, ਕੋਈ ਐਨ.ਆਰ.ਆਈ.ਕਿਸੇ ਅਧਿਕ੍ਰਿਤ ਮਨੀ ਟ੍ਰਾਂਸਫਰ ਏਜੰਟ (ਐਮ.ਟੀ.ਏ.) ਰਾਹੀਂ ਵੀ ਧੰਨ ਭੇਜ ਸਕਦਾ ਹੈ। ਹਾਲ ਹੀ ਵਿੱਚ ਬੈਂਕਾਂ ਨੇ ਪੈਸ

ਮੰਗਵਾਉਣ ਦੇ ਉਤਪਾਦ ਅਰੰਭ ਕੀਤੇ ਹਨ ਜੋ ਕੁਝ ਹੀ ਘੰਟਿਆਂ ਅੰਦਰ ਫੰਡ ਟ੍ਰਾਂਸਫਰ ਨੂੰ ਸੰਭਵ ਬਣਾਉਂਦੇ ਹਨ।

23- ਬੈਂਕ ਆਪਣੇ ਲੈਣ ਦੇਣ ਲਈ ਭੁਗਤਾਨ ਕਿਸ ਪ੍ਰਕਾਰ ਕਰਦੇ ਹਨ ?

ਆਮ ਤੌਰ ਤੇ ਬੈਂਕਾਂ ਦਰਮਿਆਨ ਲੈਣ ਦੇਣ (ਗਾਹਕਾਂ ਨਾਲ ਸਬੰਧਤ ਲੈਣ ਦੇਣ ਨਹੀਂ ) ਵੱਡੀ ਰਾਸ਼ੀਆਂ ਲਈ ਹੁੰਦਾ ਹੈ ਅਤੇ ਇਸ ਲਈ ਅਜਿਹੇ ਲੈਣ ਦੇਣ ਨੂੰ ਵੱਡੇ ਫੰਡ ਟ੍ਰਾਂਸਫਰ ਕਿਹਾ ਜਾਂਦਾ ਹੈ। ਅਸਲ ਫੰਡ ਟ੍ਰਾਂਸਫਰ ਆਰ.ਬੀ.ਆਈ.ਕੋਲ ਬੈਂਕਾਂ ਦੇ ਖ਼ਾਤਿਆਂ ਰਾਹੀਂ ਹੁੰਦਾ ਹੈ। ਇਸ ਮੰਤਵ ਲਈ ਬੈਂਕ ਆਪਣੇ ਖ਼ਾਤੇ ਵਿੱਚੋਂ ਇਕ ਦੂਜੇ ਨੂੰ ਚੈਕ ਜਾਰੀ ਕਰਦੇ ਹਨ ਜਿਨ੍ਹਾਂ ਤੇ ਕਲੀਅਰਿੰਗ ਹਾਊਸ ਰਾਹੀਂ ਕਾਰਵਾਈ ਕੀਤੀ ਜਾਂਦੀ ਹੈ। ਵਿਕਲਪ ਦੇ ਤੌਰ ਤੇ ਉਹ ਵੱਡੀਆਂ ਰਾਸ਼ੀਆਂ ਲਈ ਭੁਗਤਾਨ ਪ੍ਰਣਾਲੀ ਦੀ ਵਰਤੋਂ ਕਰ ਸਕਦੇ ਹਨ ਜਿਸ ਨੂੰ ਰੀਅਲ ਟਾਈਮ ਗ੍ਰੋਸ ਸੈਟਲਮੈਂਟ ਸਿਸਟਮ ਕਿਹਾ ਜਾਂਦਾ ਹੈ ਜਿਸ ਰਾਹੀਂ ਤੁਰੰਤ ਫੰਡਜ ਟ੍ਰਾਂਸਫਰ ਹੋ ਜਾਂਦੇ ਹਨ। ਇਹ ਪ੍ਰਣਾਲੀ ਨਿੱਜੀ ਵਿਅਕਤੀਆਂ ਅਤੇ ਕੰਪਨੀਆਂ ਲਈ ਈ.ਐਫ.ਟੀ. ਪ੍ਰਣਾਲੀ ਦੀ ਤਰ੍ਹਾਂ ਇਲੈਕਟ੍ਰਾਨਿਕ ਹਦਾਇਤਾਂ ਤੇ ਆਧਾਰਤ ਹੈ।

24- ਰੀਅਲ ਟਾਈਮ ਗ੍ਰੋਸ ਸੈਟਲਮੈਂਟ ਸਿਸਟਮ ਕੀ ਹੈ ?

ਭਾਰਤ ਵਿੱਚ ਮਾਰਚ 2004 ਤੋਂ ਸ਼ੁਰੂ ਕੀਤਾ ਗਿਆ ਰੀਅਲ ਟਾਈਮ ਗ੍ਰੋਸ ਸੈਟਲਮੈਂਟ ਸਿਸਟਮ (ਆਰ.ਟੀ.ਜੀ.ਐਸ.) ਇਕ ਅਜਿਹਾ ਸਿਸਟਮ ਹੈ ਜਿਸ ਰਾਹੀਂ ਬੈਂਕਾਂ ਦੁਆਰਾ ਆਪਣੇ ਖ਼ਾਤੇ ਵਿੱਚੋ ਦੂਸਰੇ ਬੈਂਕ ਦੇ ਖ਼ਾਤੇ ਵਿਚ ਫੰਡ ਟ੍ਰਾਂਸਫਰ ਲਈ ਇਲੈਕਟ੍ਰਾਨਿਕ ਹਦਾਇਤਾਂ ਜਾਰੀ ਕੀਤੀਆਂ ਜਾ ਸਕਦੀਆਂ ਹਨ। ਆਰ.ਟੀ.ਜੀ.ਐਸ. ਸਿਸਟਮ ਦਾ ਸੰਚਾਲਣ ਆਰ.ਬੀ.ਆਈ.ਦੁਆਰਾ ਕੀਤਾ ਜਾਂਦਾ ਹੈ ਤੇ ਇਹ ਬੈਕਾਂ ਦਰਮਿਆਨ ਕੁਸ਼ਲ ਅਤੇ ਗਤੀਸ਼ੀਲ ਫੰਡ ਟ੍ਰਾਂਸਫਰ ਦੁਆਰਾ ਉਨ੍ਹਾਂ ਦੇ ਵਿੱਤੀ ਕੰਮ ਕਾਜ ਨੂੰ ਸੌਖਾ ਬਣਾਉਂਦਾ ਹੈ। ਜਿਵੇਂ ਕਿ ਇਸ ਦੇ ਨਾਮ ਤੋਂ ਹੀ ਸਪਸ਼ਟ ਹੈ, ਫੰਡ ਟ੍ਰਾਂਸਫਰ ਰੀਅਲ ਟਾਈਮ ਦੇ ਆਧਾਰ ਤੇ ਵਾਪਰਦਾ ਹੈ। ਇਸ ਲਈ ਪੈਸਾ ਪ੍ਰਾਪਤ ਕਰਤਾ ਕੋਲ ਤੁਰੰਤ ਪਹੁੰਚ ਜਾਂਦਾ ਹੈ ਅਤੇ ਪ੍ਰਾਪਤ ਕਰਤਾ ਦੇ ਬੈਂਕ ਦੀ ਜ਼ਿੰਮੇਵਾਰੀ ਹੈ ਕਿ ਉਹ ਦੋ ਘੰਟਿਆਂ ਦੇ ਅੰਦਰ ਅੰਦਰ ਉਸ ਦੇ ਖ਼ਾਤੇ ਨੂੰ ਕਰੈਡਿਟ ਦੇਵੇ।

25- ਕੀ ਵਿਅਕਤੀਗਤ ਤੌਰ ਤੇ ਆਰ.ਟੀ.ਜੀ.ਐਸ. ਰਾਹੀਂ ਭੁਗਤਾਨ ਕੀਤਾ ਜਾ ਸਕਦਾ ਹੈ ?

ਹਾਂ, ਕਿਸੇ ਵੀ ਵਿਅਕਤੀ ਦੁਆਰਾ ਆਪਣੇ ਬੈਂਕ ਰਾਹੀਂ ਆਰ.ਟੀ.ਜੀ.ਐਸ.ਸਕੀਮ ਅਧੀਨ ਫੰਡਜ ਟ੍ਰਾਂਸਫਰ ਕੀਤੇ ਜਾ ਸਕਦੇ ਹਨ। ਹਾਲਾਂ ਕਿ ਇਹ ਸਕੀਮ ਵੱਡੀਆਂ ਰਾਸ਼ੀਆਂ ਦੇ ਟ੍ਰਾਂਸਫਰ ਲਈ ਬਣਾਈ ਗਈ ਹੈ ਪਰੰਤੂ ਕਠਿਨ ਸਮੇਂ ਵਿਚ ਘੱਟ ਰਾਸ਼ੀ ਦੇ ਟ੍ਰਾਂਸਫਰ ਲਈ ਵੀ ਗਾਹਕ ਆਰ.ਟੀ.ਜੀ.ਐਸ.ਸਕੀਮ ਦਾ ਪ੍ਰਯੋਗ ਕਰ ਸਕਦੇ ਹਨ। ਆਰ.ਟੀ.ਜੀ.ਐਸ.ਅਧੀਨ ਲੈਣ ਦੇਣ ਬਾਰੇ ਘੱਟ ਰਾਸ਼ੀ ਅਤੇ ਵੱਡੀ ਰਾਸ਼ੀ ਦੀ ਕੋਈ ਪਰਿਭਾਸ਼ਾ ਨਹੀਂ ਦਿੱਤੀ ਗਈ ਹੈ। 31 ਜੁਲਾਈ, 2005 ਨੂੰ ਭਾਰਤ ਦੇ 40 ਸ਼ਹਿਰਾਂ ਅਤੇ ਕਸਬਿਆਂ ਵਿਚ 7500 ਬੈਂਕ ਸ਼ਾਖਾਵਾਂ ਵਿਚ ਆਰ.ਟੀ.ਜੀ.ਐਸ.ਸੁਵਿਧਾ ਉਪਲਬੱਧ ਸੀ। ਮਾਰਚ, 2006 ਤੱਕ ਆਰ.ਬੀ.ਆਈ ਵਲੋਂ ਘੱਟੋ ਘੱਟ 10,000 ਬੈਂਕ ਸ਼ਾਖਾਵਾਂ ਵਿਚ ਆਰ.ਟੀ.ਜੀ.ਐਸ.ਸੁਵਿਧਾ ਉਪਲਬੱਧ ਕਰਾਉਣ ਦੀ ਯੋਜਨਾ ਹੈ। ਇਸ ਸਮੇਂ ਬੈਂਕ ਦੀਆਂ ਸਾਰੀਆਂ ਆਰ.ਟੀ.ਜੀ.ਐਸ. ਦੁਆਰਾ ਫੰਡ ਟ੍ਰਾਂਸਫਰ ਵਿਚ ਸਮਰੱਥ ਨਹੀਂ ਹਨ। ਜੋ ਗਾਹਕ ਇਸ ਸੁਵਿਧਾ ਦਾ ਇਸਤੇਮਾਲ ਕਰਨਾ ਚਾਹੁੰਦਾ ਹੈ ਉਸ ਨੂੰ ਆਪਣੇ ਬੈਂਕ ਵਿਚ ਜਾ ਕੇ ਇਹ ਪਤਾ ਲਗਾਉਣਾ ਚਾਹੀਦਾ ਹੈ ਕਿ ਕੀ ਉਸ ਦੇ ਆਪਣੇ ਬੈਂਕ ਅਤੇ ਪ੍ਰਾਪਤ ਕਰਤਾ ਦਾ ਬੈਂਕ ਆਰ.ਟੀ.ਜੀ.ਐਸ. ਰਾਹੀਂ ਫੰਡ ਟ੍ਰਾਂਸਫਰ ਲਈ ਫੀਸ ਲੈ ਸਕਦੇ ਹਨ। ਪ੍ਰਾਪਤ ਕਰਤਾ ਦੇ ਖ਼ਾਤੇ ਵਿਚ ਰਾਸ਼ੀ ਦੇ ਦੇਰ ਨਾਲ ਜਮ੍ਹਾਂ ਹੋਣ ਕਾਰਨ ਗਾਹਕ ਵਿਆਜ ਦੀ ਮੰਗ ਕਰਦਾ ਹੈ।

26- ਪੇਮੈਂਟ ਸਿਸਟਮ ਅਧੀਨ ਗਾਹਕ ਸੇਵਾਵਾਂ ਸਬੰਧੀ ਸ਼ਿਕਾਇਤ ਲਈ ਮੈਨੂੰ ਕਿਸ ਨੂੰ ਮਿਲਣਾ ਚਾਹੀਦਾ ਹੈ?

ਆਪਣੀ ਸ਼ਿਕਾਇਤ ਦੇ ਨਿਪਟਾਰੇ ਲਈ ਗਾਹਕ ਨੂੰ ਆਪਣੇ ਬੈਂਕ ਕੋਲ ਜਾਣਾ ਚਾਹੀਦਾ ਹੈ। ਸ਼ਿਕਾਇਤ ਬਾਰੇ ਸੰਤੋਸ਼ਜਨਕ ਉਤਰ/ਕਾਰਵਾਈ ਦੀ ਘਾਟ ਦੀ ਸੂਰਤ ਵਿੱਚ ਗਾਹਕ ਨੂੰ ਆਰ.ਬੀ.ਆਈ.ਦੇ ਸਥਾਨਕ ਦਫ਼ਤਰ ਵਿਚ ਸ਼ਿਕਾਇਤ ਨਿਵਾਰਣ ਸੈਲ ਜੇਕਰ ਹੋਵੇ ਕੋਲ ਜਾਣਾ ਚਾਹੀਦਾ ਹੈ । ਗਾਹਕ ਆਪਣੀ ਸ਼ਿਕਾਇਤ ਦੇ ਨਿਵਾਰਣ ਲਈ ਬੈਂਕਿੰਗ ਓਮਬਡਸਮੈਨ ਦੇ ਦਫ਼ਤਰ ਵਿਚ ਵੀ ਜਾ ਸਕਦਾ ਹੈ।

27- ਚੈਕ ਟ੍ਰੰਕਸ਼ਨ ਕੀ ਹੈ ?

ਦਸਤਾਵੇਜਾਂ ਦੀ ਭੌਤਿਕ ਅਦਲਾ ਬਦਲੀ ਤੋਂ ਬਿਨਾਂ ਇਲੈਕਟ੍ਰਾਨਿਕ ਡਾਟਾ/ਪ੍ਰਤੀ ਰੂਪ ਜਾਂ ਦੋਹਾਂ ਤੇ ਆਧਾਰਿਤ ਬੈਂਕਾਂ ਦਰਮਿਆਨ ਚੈਕ ਕਲੀਅਰਿੰਗ ਅਤੇ ਸੈਟਲਮੈਂਟ ਦੇ ਸਿਸਟਮ ਨੂੰ ਚੈਕ ਟ੍ਰੰਕੇਸ਼ਨ ਕਿਹਾ ਜਾਂਦਾ ਹੈ ।

28- ਚੈਕ ਟ੍ਰੰਕਸ਼ਨ ਬੈਂਕ ਗਾਹਕਾਂ ਲਈ ਕਿਸ ਪ੍ਰਕਾਰ ਲਾਭਦਾਇਕ ਹੈ ?

ਬੈਂਕ ਗਾਹਕ ਆਪਣੇ ਚੈਕਾਂ ਨੂੰ ਛੇਤੀ ਕਲੀਅਰ ਕਰਵਾ ਸਕਣਗੇ ਕਿਉਂਕਿ ਚੈਕ ਟ੍ਰੰਕਸ਼ਨ ਸਿਸਟਮ (ਸੀ.ਟੀ.ਐਸ.) ਵਿੱਚ ਟੀ + *0* ਲੋਕ ਕਲੀਅਰਿੰਗ ਅਤੇ ਟੀ + *1* ਇੰਟਰਸਿਟੀ ਕਲੀਅਰਿੰਗ ਉਪਲਬੱਧ ਹੈ । ਕਿਉਂ ਸੀ.ਟੀ.ਐਸ. ਤੁਰੰਤ ਅਤੇ ਸਵੈ ਚਾਲਿਤ ਪ੍ਰਕਿਰਿਆ ਸੰਭਵ ਬਣਾਉਂਦਾ ਹੈ, ਇਸ ਲਈ ਬੈਂਕਾਂ ਅਤੇ ਗਾਹਕਾਂ ਨੂੰ ਘੱਟ ਖਰਚੇ ਤੇ ਰਾਸ਼ੀ ਵਸੂਲ ਹੋ ਜਾਂਦੀ ਹੈ । ਬੈਂਕਾਂ ਲਈ ਸੀ.ਟੀ.ਐਸ. ਤੇ ਆਧਾਰਿਤ ਨਵੇਂ ਉਤਪਾਦ ਅਤੇ ਸੇਵਾਵਾਂ ਪੇਸ਼ ਕਰਨਾ ਵੀ ਸੰਭਵ ਹੋ ਸਕਦਾ ਹੈ । ਬੈਂਕਾਂ ਨੂੰ ਮਿਲਾਨ ਕਰਨ ਦੀ ਘੱਟ ਜ਼ਰੂਰਤ ਅਤੇ ਕਲੀਅਰਿੰਗ ਵਿਚ ਧੋਖਾਧੜੀ ਤੇ ਬਚਣ ਦਾ ਅਤਿਰਿਕਤ ਲਾਭ ਮਿਲਦਾ ਹੈ ।

29- ਪੇਮੈਂਟ ਪ੍ਰਣਾਲੀਆਂ ਵਿਚ ਆਰ.ਬੀ.ਆਈ.ਦੀ ਕੀ ਭੂਮਿਕਾ ਹੈ ?

ਆਰ.ਬੀ.ਆਈ ਪੇਮੈਂਟ ਪ੍ਰਣਾਲੀਆਂ ਦਾ ਨਿਰੀਖਕ ਅਤੇ ਨਿਯੰਤ੍ਰਕ ਦੀ ਭੂਮਿਕਾ ਤੋਂ ਇਲਾਵਾ ਉਤਪ੍ਰੇਰਕ ਸੰਚਾਲਕ ਅਤੇ ਵਰਤੋਂ ਕਰਨ ਵਾਲੇ ਤੋਂ ਇਲਾਵਾ ਸੈਟਲਮੈਂਟ ਬੈਂਕ ਦੀ ਭੂਮਿਕਾ ਵੀ ਨਿਭਾ ਰਿਹਾ ਹੈ । ਆਰ.ਬੀ.ਆਈ.ਦੇਸ਼ ਵਿਚ ਭੁਗਤਾਨ ਲਈ ਕੁਸ਼ਲ ਅਤੇ ਸੁਰੱਖਿਅਤ ਨਵੇਂ ਤਰੀਕਿਆਂ ਨੂੰ ਲਾਗੂ ਕਰਨ ਦੀ ਲਗਾਤਾਰ ਪਹਿਲ ਕਰਦਾ ਰਿਹਾ ਹੈ । ਆਰ.ਬੀ.ਆਈ. ਨੇ ਅਠਵੇਂ ਦਹਾਕੇ ਦੇ ਆਖਰੀ ਸਾਲਾਂ ਵਿੱਚ ਚਾਰ ਮਹਾਂਨਗਰਾਂ (ਮੁੰਬਈ, ਨਵੀਂ ਦਿੱਲੀ, ਚੇਨਈ ਅਤੇ ਕੋਲਕਾਤਾ) ਮੈਗਨੇਟਿਕ ਇਕ ਕੈਰੈਕਟਰ ਰੈਕੋਗਨੀਸ਼ਨ(ਐਮ.ਆਈ.ਸੀ.ਆਰ.) ਸਿਸਟਮ ਤੇ ਆਧਾਰਿਤ ਚੈਕ ਕਲੀਰਿੰਗ ਨੂੰ ਅਰੰਭ ਕੀਤਾ । ਨੌਵੇਂ ਦਹਾਕੇ ਦੇ ਅੱਧ ਵਿਚ ਈ.ਸੀ.ਐਸ.ਅਤੇ ਈ.ਐਫ.ਟੀ.ਵਰਗੀਆਂ ਇਲੈਕਟ੍ਰਾਨਿਕ ਪ੍ਰਣਾਲੀਆਂ ਸੁਰੂ ਕੀਤੀਆਂ ਗਈਆਂ । *2004-05*

ਦੌਰਾਨ ਆਰ.ਟੀ.ਜੀ.ਐਸ.ਨੂੰ ਸੁਰੂ ਕੀਤਾ ਗਿਆ । ਇਨ੍ਹਾਂ ਨਵੀਆਂ ਪ੍ਰਣਾਲੀਆਂ ਨੂੰ ਲਾਗੂ ਕਰਨ ਤੋਂ ਇਲਾਵਾ ਆਰ.ਬੀ.ਆਈ.ਲਗਾਤਾਰ ਸੁਨਿਸ਼ਚਿਤ ਕਰ ਰਿਹਾ ਹੈ ਕਿ ਵਰਤਮਾਨ ਪ੍ਰਣਾਲੀਆਂ ਨੂੰ ਅਪਗ੍ਰੇਡ ਕੀਤਾ/ਸੁਧਾਰਿਆ ਜਾਵੇ ਤਾਂ ਜੋ ਉਨ੍ਹਾਂ ਦੀ ਕੁਸ਼ਲਤਾ ਨੂੰ ਵਧਾਇਆ ਜਾ ਸਕੇ ਅਤੇ ਉਨ੍ਹਾਂ ਨੂੰ ਗਾਹਕਾਂ ਦੀ ਜ਼ਰੂਰਤ ਮੁਤਾਬਕ ਬਣਾਇਆ ਜਾ ਸਕੇ। ਤਕਨੀਕੀ ਵਿਗਿਆਨ ਦੇ ਵਿਕਾਸ ਤੋਂ ਲਾਭ ਲੈਂਦੇ ਹੋਏ ਆਰ.ਬੀ.ਆਈ.ਨੇ ਇਨ੍ਹਾਂ ਪ੍ਰਣਾਲੀਆਂ ਵਿਚ ਅਤਿਰਿਕਤ ਸੁਰੱਖਿਆ ਲਿਆਂਦੀ ਹੈ ਤਾਂ ਜੋ ਲੈਣ ਦੇਣ ਵਿਚ ਸੁਰੱਖਿਆ ਅਤੇ ਇਮਾਨਦਾਰੀ ਨੂੰ ਕਾਇਮ ਰੱਖਿਆ ਜਾ ਸਕੇ ।

ਪੇਮੈਂਟ ਪ੍ਰਣਾਲੀਆਂ ਦੇ ਵੱਖ ਵੱਖ ਅੰਗਾਂ ਦਾ ਸੰਚਲਣ ਕਰਨ ਦੇ ਨਾਲ ਨਾਲ ਆਰ.ਬੀ.ਆਈ.ਇਕ ਉਪਭੋਗਤਾ ਦੇ ਰੂਪ ਵਿੱਚ ਵੀ ਇਨ੍ਹਾਂ ਪ੍ਰਣਾਲੀਆਂ ਵਿਚ ਭਾਗ ਲੈਂਦਾ ਹੈ । ਆਰ.ਬੀ.ਆਈ.ਸੇਵਾ ਪ੍ਰਦਾਨ ਕਰਨ ਦਾ ਕੰਮ ਕਰਦਾ ਹੈ ਅਤੇ ਇਕ ਵਾਰ ਪ੍ਰਣਾਲੀ ਸਥਾਪਿਤ ਹੋ ਜਾਣ ਤੋਂ ਬਾਅਦ ਉਸ ਦੇ ਹੋਰ ਵਿਕਾਸ ਦੀ ਜ਼ਿੰਮੇਵਾਰੀ ਦੂਸਰੇ ਬੈਂਕਾਂ/ਸੰਸਥਾਵਾਂ ਨੂੰ ਸੌਂਪ ਦਿੱਤੀ ਜਾਂਦੀ ਹੈ । ਆਰ.ਬੀ.ਆਈ.ਵੱਖ ਵੱਖ ਪੇਮੈਂਟ ਪ੍ਰਣਾਲੀਆਂ ਦੇ ਨਿਯੰਤ੍ਰਣ ਅਤੇ ਨਿਰੀਖਣ ਦੀ ਭੂਮਿਕਾ ਵੀ ਨਿਭਾਉਂਦਾ ਹੈ ।

30- ਆਰ.ਬੀ.ਆਈ ਪੇਮੈਂਟ ਪ੍ਰਣਾਲੀਆਂ ਦਾ ਨਿਯੰਤ੍ਰਣ ਕਿਸ ਪ੍ਰਕਾਰ ਕਰਦਾ ਹੈ ?

ਬੋਰਡ ਫੌਰ ਰੈਗੂਲੇਸ਼ਨ ਐਂਡ ਸੁਪਰਵੀਜ਼ਨ ਆਫ ਪੇਮੈਂਟ ਐਂਡ ਸੈਟਲਮੈਂਟ ਸਿਸਟਮ (ਬੀ.ਪੀ.ਐਸ.ਐਸ.) ਆਰ.ਬੀ.ਆਈ ਦੇ ਕੇਂਦਰੀ ਬੋਰਡ ਦੀ ਇਕ ਸਬ ਕਮੇਟੀ ਹੈ ਜੋ ਕਿ ਪੇਮੈਂਟ ਪ੍ਰਣਾਲੀਆਂ ਬਾਰੇ ਨੀਤੀਆਂ ਬਣਾਉਣ ਵਾਲੀ ਸ਼ਿਖਰ ਸੰਸਥਾ ਹੈ। ਇਕ ਤਕਨੀਕੀ ਕਮੇਟੀ ਇਸ ਬੋਰਡ ਦੀ ਸਹਾਇਤਾ ਕਰਦੀ ਹੈ ਜਿਸ ਨੂੰ ਨੈਸ਼ਨਲ ਪੇਮੈਂਟਸ ਕਾਂਊਸਿਲ (ਐਨ.ਪੀ.ਸੀ.) ਕਿਹਾ ਜਾਂਦਾ ਹੈ ਅਤੇ ਜਿਸ ਦੇ ਮੈਬਰ ਇਸ ਖੇਤਰ ਵਿੱਚ ਮਾਹਿਰ ਹੁੰਦੇ ਹਨ।

ਇਸ ਬੋਰਡ ਅਤੇ ਕਾਂਊਸਿਲ ਦੀ ਸਹਾਇਤਾ ਇਕ ਨਵੇਂ ਬਣਾਏ ਗਏ ਮਹਿਕਮੇ, ਦੀ ਡਿਪਾਰਟਮੈਂਟ ਆਫ ਪੇਮੈਂਟ ਐਂਡ ਸੈਟਲਮੈਂਟ ਸਿਸਟਮਸ (ਡੀ.ਪੀ.ਐਸ.ਐਸ.) ਦੁਆਰਾ ਕੀਤੀ ਜਾਂਦੀ ਹੈ । ਬੋਰਡ ਨੂੰ ਦੇਸ਼ ਵਿਚ ਮੌਜੂਦਾ ਅਤੇ ਅਗੋਂ ਆਉਣ ਵਾਲੀਆਂ ਪੇਮੈਂਟ ਪ੍ਰਣਾਲੀਆਂ ਦੇ ਲਈ ਅਧਿਕਾਰ ਪ੍ਰਦਾਨ ਕਰਨ, ਨੀਤੀਆਂ ਨਿਰਧਾਰਣ ਕਰਨ ਅਤੇ ਮਿਆਰ ਨਿਸ਼ਚਿਤ ਕਰਨ

ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਬੋਰਡ ਨੂੰ ਇਨ੍ਹਾਂ ਪ੍ਰਣਾਲੀਆਂ ਅਤੇ ਸਬੰਧਤ ਨੀਤੀਆਂ ਲਈ ਮੈਂਬਰਸ਼ਿਪ ਦੇ ਨਿਯਮ ਬਣਾਉਣ ਦੇ ਅਧਿਕਾਰ ਵੀ ਪ੍ਰਾਪਤ ਹਨ।

*31-* ਪਿੱਛਲੇ ਦਹਾਕੇ ਵਿਚ ਬੈਂਕਾਂ ਦੁਆਰਾ ਆਮ ਆਦਮੀ ਅਤੇ ਕਾਰਪੋਰੇਟ ਸੰਸਥਾਂਵਾਂ ਨੂੰ ਪ੍ਰਦਾਨ ਕੀਤੀਆਂ ਗਈਆਂ ਪੇਮੈਂਟ ਪ੍ਰਣਾਲੀ ਸੇਵਾਵਾਂ ਵਿਚ ਵਿਸ਼ੇਸ ਸੁਧਾਰ ਹੋਇਆ ਹੈ। ਆਂਸ਼ਿਕ ਤੌਰ ਤੇ ਅਜਿਹਾ ਸੇਵਾ ਪ੍ਰਦਾਨ ਕਰਨ ਵਿਚ ਟੈਕਨਾਲੋਜੀ ਦੇ ਵੱਧ ਰਹੇ ਪ੍ਰਯੋਗ ਕਾਰਨ ਅਤੇ ਕੁਝ ਹੱਦ ਤੱਕ ਬੈਂਕਾਂ ਦਰਮਿਆਨ ਮੁਕਾਬਲੇ ਦੀ ਰੌਸ਼ਨੀ ਵਿਚ ਜ਼ਰੂਰੀ ਪ੍ਰਕਿਰਿਆ ਸਬੰਧੀ ਪਰਿਵਰਤਨ ਕਾਰਨ ਹੋਇਆ।

ਪ੍ਰਤੱਖ ਪਰਿਵਰਤਨ ਹੇਠ ਲਿਖੇ ਹਨ:-

*ਪਹਿਲਾ:* ਚੈਕ ਕਲੀਅਰਿੰਗ ਪ੍ਰਣਾਲੀ ਵਿਚ ਬਹੁਤ ਸੁਧਾਰ ਹੋਇਆ ਹੈ। ਕਿਸੇ ਸਥਾਨਕ ਚੈਕ ਦੀ ਕੁਲੈਕਸ਼ਨ ਲਈ ਸਮਾਂ ਘੱਟ ਕੇ 2 ਜਾਂ 3 ਦਿਨ ਰਹਿ ਗਿਆ ਹੈ। ਪਹਿਲਾਂ ਇਸ ਵਿਚ 4 ਜਾਂ 15 ਦਿਨ ਲੱਗ ਜਾਂਦੇ ਹਨ। 42 ਵੱਖਰੇ ਸ਼ਹਿਰਾਂ ਵਿਚ ਸਵੈ ਚਾਲਿਤ ਚੈਕ ਪ੍ਰੋਸੈਸਿੰਗ ਕੇਂਦਰ ਸਥਾਪਿਤ ਕੀਤੇ ਗਏ ਹਨ। ਜਿੱਥੇ ਸ਼ਹਿਰ ਦੀਆਂ ਸਾਰੀਆਂ ਬੈਂਕ ਸ਼ਾਖਾਵਾਂ ਤੋਂ ਪ੍ਰਾਪਤ ਚੈਕਾਂ ਨੂੰ ਰਾਤ ਦੇ ਸਮੇਂ ਪ੍ਰੋਸੈਸ ਕੀਤਾ ਜਾਂਦਾ ਹੈ। ਬਾਹਰਲੇ ਚੈਕਾਂ ਦੀ ਕੁਲੈਕਸ਼ਨ ਲਈ ਸਮਾਂ ਵੀ ਘੱਟ ਹੋ ਗਿਆ ਹੈ। ਇਸ ਵਿਚ ਭੁਗਤਾਨ ਰਚਨ ਵਾਲੀ ਸ਼ਾਖਾ ਦੀ ਦੂਰੀ ਮੁਤਾਬਕ 4 ਤੋਂ 10 ਦਿਨ ਦਾ ਸਮਾਂ ਲੱਗਦਾ ਹੈ। ਪਹਿਲਾਂ ਇਸ ਵਿਚ 10 ਦਿਨ ਤੋਂ 1 ਮਹੀਨੇ ਦਾ ਸਮਾਂ ਲੱਗਦਾ ਸੀ।

*ਦੂਸਰਾ:* ਦਸਵੇਂ ਦਹਾਕੇ ਵਿਚ ਇਲੈਕਟ੍ਰਾਨਿਕ ਪੇਮੈਂਟ ਉਤਪਾਦਾਂ ਦੇ ਕੁਝ ਰੂਪ ਆਰੰਭ ਕੀਤੇ ਗਏ ਸਨ। ਇਲੈਕਟ੍ਰਾਨਿਕ ਕਲੀਅਰਿੰਗ ਸਿਸਟਮ(ਈ.ਸੀ.ਐਸ.) ਨੇ ਵੱਡੀਆਂ ਵੱਡੀਆਂ ਕਾਰਪੋਰੇਟ ਸੰਸਥਾਵਾਂ ਨੂੰ ਡਿਯੂ ਡੇਟ ਲਾਭਾਂਸ, ਵਿਆਜ ਅਤੇ ਰਿਫੰਡ ਦਾ ਭੁਗਤਾਨ ਇਲੈਕਟ੍ਰਾਨਿਕ ਸਾਧਨਾ ਰਾਹੀਂ ਕਰਨ ਵਿਚ ਮਦਦ ਕੀਤੀ। ਨਿਵੇਸ਼ ਕਰਨ ਵਾਲੇ ਲੋਕ ਨਾ ਕੇਵਲ ਡਿਯੂ ਡੇਟ ਤੇ ਭੁਗਤਾਨ ਪ੍ਰਾਪਤ ਕਰ ਸਕੇ ਸਗੋਂ ਕਾਰਪੋਰੇਟ ਸੰਸਥਾਵਾਂ ਵੀ ਨੂੰ ਵੀ ਕਾਗਜੀ ਦਸਤਾਵੇਜ ਨਾ ਛਪਾਉਣ ਕਾਰਨ ਕਾਫੀ ਬਚਤ ਹੋ ਗਈ । ਕੋਈ ਵੀ ਬਚਤ ਬਾਰੇ ਅਨੁਮਾਨ ਇਸ ਤੱਥ ਤੋਂ ਲਗਾ ਸਕਦਾ ਹੈ ਕਿ ਸਾਲ 2005-06 ਦੌਰਾਨ ਈ.ਸੀ.ਐਸ. ਰਾਹੀਂ 3 ਕਰੋੜ 60 ਲੱਖ ਰੁਪਏ ਲੈਣ ਦੇਣ ਹੋਏ। ਹੁਣ ਯੂਟੀਲਿਟੀ ਸੰਸਥਾਵਾਂ ਵੀ ਡਿਯੂ ਡੇਟ ਤੇ ਹੀ ਆਪਣੇ ਬਿਲਾਂ ਦਾ

ਭੁਗਤਾਨ ਈ.ਸੀ.ਐਸ. ਰਾਹੀਂ ਪ੍ਰਾਪਤ ਕਰ ਸਕਦੇ ਹਨ। ਕੈਸ਼ ਫਲੋ ਮੈਨੇਜਮੈਂਟ ਆਸਾਨ ਹੋ ਰਿਹਾ ਹੈ। ਸਾਲ 2004-05 ਦੌਰਾਨ ਅਜਿਹੇ 1 ਕਰੋੜ 60 ਲੱਖ ਰੁਪਏ ਲੈਣ ਦੇਣ ਹੋਏ।

*ਤੀਸਰਾ:* ਬੈਂਕਾਂ ਦੁਆਰਾ ਇਲੈਕਟ੍ਰਾਨਿਕ ਫੰਡਜ ਟ੍ਰਾਂਸਫਰ(ਈ.ਐਫ.ਟੀ.) ਸੁਵਿਧਾ ਦੇ ਵਿਸਤਾਰ ਨੇ ਮਨੀ ਟ੍ਰਾਂਸਫਰ ਦੇ ਦ੍ਰਿਸ਼ ਨੂੰ ਬਦਲ ਦਿੱਤਾ ਹੈ। ਰਿਜ਼ਰਵ ਬੈਂਕ ਦੁਆਰਾ ਨਿਰਧਾਰਿਤ ਈ.ਐਫ.ਟੀ.ਦੇ ਮੂਲ ਢਾਂਚੇ ਦੀ ਵਰਤੋਂ ਨਾਲ ਵਪਾਰਕ ਬੈਂਕਾ ਨੇ ਆਪਣੇ ਗਾਹਕਾਂ ਨੂੰ ਇਕ ਦਿਨ ਵਿਚ ਮਨੀ ਟ੍ਰਾਂਸਫਰ ਦੀ ਸੁਵਿਧਾ ਦੇਣੀ ਸੁਰੂ ਕਰ ਦਿੱਤੀ ਹੈ। 15 ਪ੍ਰਮੁੱਖ ਕੇਂਦਰਾਂ ਤੇ ਬੈਂਕ ਗਾਹਕ ਇਸ ਸੁਵਿਧਾ ਦੀ ਵਰਤੋਂ ਕਰਕੇ ਇਕ ਦੂਜੇ ਨੂੰ ਫੰਡ ਟ੍ਰਾਂਸਫਰ ਕਰ ਸਕਦੇ ਹਨ। ਨੈਟਵਰਕ ਨਾਲ ਜੁੜੀਆਂ ਸ਼ਾਖਾਵਾਂ ਲਈ ਖਾਸ ਤੌਰ ਤੇ ਡਿਜਾਇਨ ਕੀਤਾ ਗਿਆ ਈ.ਐਫ.ਟੀ. ਦਾ ਨਵਾਂ ਰੂਪ ਜਿਸ ਨੂੰ ਸਪੈਸ਼ਲ ਈ.ਐਫ.ਟੀ. ਕਿਹਾ ਜਾਂਦਾ ਹੈ, ਦੇਸ਼ ਵਿੱਚ ਕਿਸੇ ਵੀ ਥਾਂ ਨੈਟਵਰਕ ਨਾਲ ਜੁੜੀਆਂ ਕੰਪਿਊਟਰਾਈਜ਼ਡ ਸ਼ਾਖਾਵਾਂ ਦੇ ਸਮੂਹ ਦਰਮਿਆਨ ਫੰਡ ਇਕ ਦਿਨ ਵਿਚ ਹੀ ਟ੍ਰਾਂਸਫਰ ਹੋ ਜਾਂਦੇ ਹਨ। ਇੰਟਰਨੈਟ ਬੈਂਕਿੰਗ ਇਨਫ੍ਰਾਸਟਰਕਚਰ ਵਾਲੇ ਬੈਂਕਾਂ ਨੂੰ ਅਰਜੀਆਂ ਤੇ ਤੁਰੰਤ ਕਾਰਵਾਈ ਕਰ ਰਹੇ ਹਨ।

*ਚੌਥਾ:* ਆਰ.ਬੀ.ਆਈ. ਦੁਆਰ ਰੀਅਲ ਟਾਈਮ ਗ੍ਰੋਸ ਸਿਸਟਮ (ਆਰ.ਟੀ.ਜੀ.ਐਸ.) ਦੀ ਸੁਰੂਆਤ ਨੇ ਈ.ਐਫ.ਟੀ.ਦ੍ਰਿਸ਼ ਨੂੰ ਇਕ ਨਵਾਂ ਰੂਪ ਪ੍ਰਦਾਨ ਕਰ ਦਿੱਤਾ ਹੈ। ਹੁਣ ਕਾਰਪੋਰੇਟ ਸੰਸਥਾਵਾਂ ਅਤੇ ਹੋਰ ਬੈਂਕ ਗਾਹਕਾਂ ਨੂੰ ਨੀਅਤ ਕੀਤੀਆਂ ਗਈਆਂ ਬੈਂਕ ਸ਼ਾਖਾਵਾਂ (ਇਸ ਸਮੇਂ ਲਗਭਗ 9600) ਨੂੰ ਤੁਰੰਤ ਫੰਡ ਟ੍ਰਾਂਸਫਰ ਕਰਨ ਦੀ ਸੁਵਿਧਾ ਪ੍ਰਾਪਤ ਹੈ। ਆਰ.ਟੀ.ਜੀ.ਐਸ. ਦੇ ਸੰਚਾਲਣ ਬਾਰੇ ਨਿਯਮਾਂ ਅਨੁਸਾਰ ਜੇਕਰ ਕਰੈਡਿਟ ਨਾ ਦਿੱਤਾ ਜਾ ਸਕੇ ਤਾਂ ਇਸ ਨੂੰ ਦੋ ਘੰਟੇ ਦੇ ਅੰਦਰ ਅੰਦਰ ਵਾਪਸ ਕਰਨਾ ਹੁੰਦਾ ਹੈ ਜਿਸ ਦਾ ਅਰਥ ਹੈ ਵੱਧੋ ਵੱਧ ਦੇਰੀ 2 ਘੰਟੇ ਦੀ ਹੋ ਸਕਦੀ ਹੈ।

*ਪੰਜਵਾਂ:* ਦੇਸ਼ ਵਿੱਚ ਤੇਜ਼ਗਤੀ ਨਾਲ ਏ.ਟੀ.ਐਮ.ਦੀ ਸਥਾਪਨਾ ਹੋਈ ਹੈ। ਬੈਂਕ ਗਾਹਕ ਹੁਣ 24 ×7 ਆਧਾਰ ਤੇ ਕੈਸ਼ ਕਢਵਾਉਣ ਲਈ, ਕੈਸ਼ ਜਮ੍ਹਾਂ ਕਰਵਾਉਣ ਲਈ, ਖ਼ਾਤੇ ਵਿਚ ਬਕਾਏ ਦੀ ਜਾਣਕਾਰੀ ਲਈ, ਚੈਕ ਬੁੱਕ ਦੀ ਮੰਗ ਕਰਨ ਲਈ ਅਤੇ ਸਟੌਪ ਹਦਾਇਤ ਜਾਰੀ ਕਰਨ ਲਈ

ਆਪਣੇ ਖ਼ਾਤਿਆਂ ਤੱਕ ਪਹੁੰਚ ਸਕਦੇ ਹਨ। ਇਸ ਸਮੇਂ ਦੇਸ਼ ਵਿਚ ਏ.ਟੀ.ਐਮ ਦੀ ਸੰਖਿਆ ਲਗਭਗ *16,000* ਹੈ ਜਿਸ ਵਿਚ ਹਰ ਮਹੀਨੇ ਕੁਝ ਸੈਂਕੜਿਆਂ ਦਾ ਵਾਧਾ ਹੋ ਰਿਹਾ ਹੈ।

*ਛੇਵਾਂ:* ਪਿੱਛਲੇ *3* ਜਾਂ *4* ਸਾਲਾਂ ਦੌਰਾਨ ਦੇਸ਼ ਵਿਚ ਪੇਮੈਂਟ ਕਾਰਡਾਂ (ਡੈਬਿਟ ਅਤੇ ਕਰੈਡਿਟ ਕਾਰਡ) ਦੀ ਵਰਤੋਂ ਵਿਚ ਭੁਗਤਾਨ ਦੇ ਮਾਧਿਅਮ ਦੇ ਰੂਪ ਵਿੱਚ, ਇਕ ਚਮਤਕਾਰੀ ਵਾਧਾ ਹੋਇਆ ਹੈ ਕਿਉਂਕਿ ਦਸੰਬਰ, *2004* ਦੇ ਅਖੀਰ ਵਿਚ ਦੇਸ਼ ਵਿਚ ਪੇਮੈਂਟ ਕਾਰਡਾਂ ਦੀ ਸੰਖਿਆ *4.33* ਕਰੋੜ ਸੀ। ਪੇਮੈਂਟ ਕਾਰਡਾਂ ਦੀ ਵੱਧ ਰਹੀ ਵਰਤੋਂ ਦਾ ਕਾਰਣ ਕੇਵਲ ਸੁਰੱਖਿਆ ਅਤੇ ਆਗਮ ਹੀ ਨਹੀਂ ਸਗੋਂ ਦੇਸ਼ ਵਿਚ ਫੁਟਕਲ ਗਾਹਕਾਂ ਦੀ ਸੰਖਿਆ ਵਿਚ ਅਚਾਨਕ ਆਇਆ ਵਾਧਾ ਵੀ ਹੈ।

ਭਾਰਤ ਵਿਚ ਭੁਗਤਾਨ ਪ੍ਰਣਾਲੀਆਂ ? ਮਹੱਤਵਪੂਰਨ ਅੰਕੜੇ:

ਚੈਕ ਸਮਾਸ਼ੋਧਨ

| | | |
|---|---|---|
| *1-* | ਸਮਾਸ਼ੋਧਨ ਕੇਂਦਰਾਂ ਦੀ ਸੰਖਿਆ | *1047* |
| *2-* | ਐਮ.ਆਈ.ਸੀ.ਆਰ.ਚੈਕ ਸਮਾਸ਼ੋਧਨ ਸੁਵਿਧਾ ਵਾਲੇ ਸਮਾਸ਼ੋਧ ਕੇਂਦਰਾਂ ਦੀ ਸੰਖਿਆ | *42* |
| *3-* | ਐਮ.ਆਈ.ਸੀ.ਆਰ. ਦੀ ਸੰਖਿਆ ਵਿਚ(ਪ੍ਰਸਤਾਵਿਤ)ਵਾਧਾ | *20* |
| *4-* | ਰੋਜ਼ਾਨਾ ਔਸਤ(ਮਾਤਰਾ) | |
| | *40* ਐਮ.ਆਈ.ਸੀ.ਆਰ.ਕੇਂਦਰ | *27.48* ਲੱਖ |
| | ਇਨ੍ਹਾਂ ਵਿਚ *4* ਮਹਾਂ ਕੇਂਦਰ | *17.49* ਲੱਖ |
| | ਬਾਕੀ ਭਾਰਤ ਵਿਚ | *8.73* ਲੱਖ |
| *5-* | ਰੋਜ਼ਾਨਾ ਔਸਤ(ਮੁੱਲ) | |

| | | |
|---|---|---|
| | 42 ਐਮ.ਆਈ.ਸੀ.ਆਰ.ਕੇਂਦਰ | 145780 ਕਰੋੜ |
| | ਇਨ੍ਹਾਂ ਵਿਚੋਂ 4 ਮਹਾਂ ਕੇਂਦਰ | 22435 ਕਰੋੜ |
| | ਬਾਕੀ ਭਾਰਤ ਵਿਚ | 4450 ਕਰੋੜ |
| 6- | ਉਚ-ਮੁੱਲ ਸਮਾਸ਼ੋਧਨ ਵਾਲੇ ਕੇਂਦਰ | 15 ਆਰ.ਬੀ.ਆਈ. +3 ਹੋਰ |

## ਬਿਜਲਈ ਸਮਾਸ਼ੋਧਨ

| | | |
|---|---|---|
| 1- | ਈ.ਸੀ.ਐਸ. ਨਾਲ ਸਮਲਿਤ ਕੇਂਦਰਾਂ ਦੀ ਸੰਖਿਆ | |
| | ਆਰ.ਬੀ.ਆਈ. ਕੇਂਦਰ | 15 |
| | ਐਸ.ਬੀ.ਆਈ. ਕੇਂਦਰ | 25 |
| | ਐਸ.ਬੀ. ਇੰਦੌਰ ਕੇਂਦਰ | 01 |
| | ਪੀ.ਐਨ.ਬੀ. ਕੇਂਦਰ | 02 |
| | ਯੂਨੀਅਨ ਬੈਂਕ ਆਫ਼ ਇੰਡੀਆ | 01 |
| 2- | ਈ.ਐਫ.ਟੀ. ਨਾਲ ਸਮਲਿਤ ਕੇਂਦਰਾਂ ਦੀ ਸੰਖਿਆ | 15 |
| 3- | ਐਸ.ਈ.ਐਫ.ਟੀ. ਨਾਲ ਸਮਲਿਤ | |
| | ਬੈਂਕਾਂ ਦੀ ਸੰਖਿਆ | 35 |
| | ਕੇਂਦਰਾਂ ਦੀ ਸੰਖਿਆ | 182 |
| | ਸ਼ਾਖਾਵਾਂ ਦੀ ਸੰਖਿਆ | 3295 |
| 4- | ਈ.ਸੀ.ਐਸ. ਇਸਤੇਮਾਲਕਰਤਾ(ਮੁੰਬਈ) | |
| | ਉਧਾਰ | 522 |
| | ਜਮ੍ਹਾਂ | 50 |

## ਵੱਧ ਮੁੱਲ ਪ੍ਰਣਾਲੀ

| | | |
|---|---|---|
| 1- | ਰੇਟਿੰਗਜ਼ | |
| | ਮੈਂਬਰ ਬੈਂਕ | 95+15 ਪੀ.ਡੀ.ਐਸ. |
| | ਗਾਹਕ ਲੈਣ-ਦੇਣ ਪ੍ਰਦਾਨਕਰਤਾ | 79 |
| | ਬੈਂਕਾਂ ਦੀ ਸੰਖਿਆ | |
| | ਸਮਲਿਤ ਕੇਂਦਰ | 420 |
| | ਬੈਂਕ ਸ਼ਾਖਾਵਾਂ | 9614 |
| | ਰੋਜ਼ਾਨਾ ਔਸਤ ਮਾਤਰਾ/ਮੁੱਖ | |
| | ਅੰਤਰ-ਬੈਂਕ | |
| | ਭਾਗ | 3500 |
| | ਮੁੱਖ | 40,000 ਕਰੋੜ |
| | ਗਾਹਕ | |
| | ਭਾਗ | 2500 |
| | ਮੁੱਲ | 10,000 ਕਰੋੜ |
| 2- | ਪੀ.ਡੀ.ਓ-ਐਨ.ਡੀ.ਐਸ. ਮੈਂਬਰ | 159 |
| | ਰੋਜ਼ਾਨਾ ਔਸਤ ਮਾਤਰਾ | 610 |
| | ਰੋਜ਼ਾਨਾ ਔਸਤ ਮੁੱਲ | 8984 ਕਰੋੜ |
| 3- | ਸੀ.ਬੀ.ਐਲ.ਓ. ਸਮਾਸ਼ੋਧਨ ਮੈਂਬਰ | 113 |
| | ਰੋਜ਼ਾਨਾ ਔਸਤ ਮਾਤਰਾ | 124.92 |
| | ਰੋਜ਼ਾਨਾ ਔਸਤ ਮੁੱਲ | 4476 ਕਰੋੜ |
| 4- | ਐਫ.ਐਕਸ ਸਮਾਸ਼ੋਧਨ ਮੈਂਬਰ | 73 |

| | |
|---|---|
| ਰੋਜ਼ਾਨਾ ਔਸਤ ਮਾਤਰਾ | 1785.04 |
| ਰੋਜ਼ਾਨਾ ਔਸਤ ਮੁੱਲ | 16230 ਕਰੋੜ |

## ਕਾਰਡ ਕਾਰਜ-ਵਿਧੀ

| | | |
|---|---|---|
| 1- | ਕਾਰਡ ਜਾਰੀ ਕਰਨ ਦੀ ਸੰਖਿਆ | |
| | ਉਧਾਰ | 1.35 ਕਰੋੜ |
| | ਜਮ੍ਹਾਂ | 3.79 ਕਰੋੜ |
| | ਸਮਾਰਟ | 35915 |
| 2- | ਏ.ਟੀ.ਐਮ. ਦੀ ਸੰਖਿਆ | 16,000 + |

## ਸਮਾਸ਼ੋਧਨ ਕੇਂਦਰ

| | | | |
|---|---|---|---|
| 1- | ਸਮਾਸ਼ੋਧਨ ਕੇਂਦਰ ਚਲਾ ਰਹੇ ਬੈਂਕ | ਐਮ.ਆਈ.ਸੀ.ਆਰ. | ਗ਼ੈਰ-ਐਮਆਈ.ਸੀ.ਆਰ. |
| | ਭਾਰਤੀ ਰਿਜ਼ਰਵ ਬੈਂਕ | 4 | 1 |
| | ਸਟੇਟ ਬੈਂਕ ਆਫ਼ ਇੰਡੀਆ | 14 | 672 |
| | ਸਟੇਟ ਬੈਂਕ ਆਫ਼ ਬੀਕਾਨੇਰ ਅਤੇ ਜੈਪੁਰ | | 50 |
| | ਸਟੇਟ ਬੈਂਕ ਆਫ਼ ਹੈਦਰਾਬਾਦ | | 53 |
| | ਸਟੇਟ ਬੈਂਕ ਆਫ਼ ਇੰਦੌਰ | 1 | 23 |
| | ਸਟੇਟ ਬੈਂਕ ਆਫ਼ ਮੈਸੂਰ | | 45 |
| | ਸਟੇਟ ਬੈਂਕ ਆਫ਼ ਪਟਿਆਲਾ | | 50 |
| | ਸਟੇਟ ਬੈਂਕ ਆਫ਼ ਸ਼ੌਰਾਸ਼ਟਰਾ | | 19 |
| | ਸਟੇਟ ਬੈਂਕ ਆਫ਼ ਟ੍ਰੈਵੈਂਕੋਰ | 1 | 87 |

| | | |
|---|---|---|
| ਯੂਨੀਅਨ ਬੈਂਕ ਆਫ਼ ਇੰਡੀਆ | 1 | 1 |
| ਯੂਨੀਅਨ ਬੈਂਕ ਆਫ਼ ਇੰਡੀਆ | | 3 |
| ਬੈਂਕ ਆਫ਼ ਇੰਡੀਆ | 1 | |
| ਪੀ.ਐਨ.ਬੀ. | 10 | 1 |
| ਬੀ.ਓ.ਬੀ. | 3 | |
| ਓ.ਬੀ.ਸੀ. | 1 | |
| ਕੇਨਰਾ | 3 | |
| ਸੀ.ਬੀ.ਆਈ. | 1 | |
| ਸਹਿਕਾਰੀ ਬੈਂਕ | 1 | |
| ਆਂਧਰਾ ਬੈਂਕ | 1 | |
| ਕੁੱਲ | 42 | 1005 |

2- ਰਾਜਵਾਰ ਸਮਾਸ਼ੋਧਨ ਕੇਂਕਰ

3 ਵੱਡੇ ਰਾਜ

| | |
|---|---|
| ਕਰਨਾਟਕਾ | 108 |
| ਉੱਤਰ ਪ੍ਰਦੇਸ | 105 |
| ਕੇਰਲ | 102 |